# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR


## ਕਿਲ੍ਹਾ ਅਨੰਦਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਦੀ ਪੁਰਾਣੀ ਯਾਦ


ਮਾਰਚ ੧੯੭੬

MA 1976

ਇਥੋਂ ਹੋਲੇ ਮਹੱਲੇ ਸਮੇਂ
ਦਸਮੇਸ਼ ਜੀ ਦੀਆਂ ਲਾਡਲੀਆਂ ਫੌਜਾਂ ਬੀਰ-ਰਸੀ ਜੌਹਰ ਤੇ ਯੁਧ ਦੇ ਕਰਤਵ ਦਿਖਾਉਂਦੀਆਂ ਚੜ੍ਹਾਈ ਕਰਦੀਆਂ ਅਤੇ ਕਲਗੀਧਰ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੀਆਂ ਸਨ ।

www.AKJ.Org

ਡੀ. ਪੀ. ਆਈ; ਪੰਜਾਬ ਵਲੋਂ ਚਿੱਠੀ ੩/੭੦-੬੮-੨੧ (ਮਿਤੀ-੧੭੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਗਦਾਏ ਦਰਗਹ ਤੋਂ......... (ਫ਼ਾਰਸੀ ਗਜ਼ਲ) | ਭਾਈ ਨੰਦ ਲਾਲ ਜੀ | ੧ |
| ਗੁਰਮਤਿ ਰਮਜ਼ਾਂ (ਨੰਬਰ ੧੫ ਤੋਂ ੨੦) | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਨਰਕ ਸੁਰਗ (੪) | " " | ੬ |
| ਅਨੰਦਪੁਰ ਦੇ ਹੋਲੇ ਦਾ ਦ੍ਰਿਸ਼ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੯ |
| ਗਲੀ ਤੇਰੀ ਦਾ ਮਾਂਗਤ ਹੋਣਾ (ਪੰਜਾਬੀ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੯ |
| ਆਪਨੜੇਗਿਰੀਵਾਨਮਹਿ........ | ਭਾਈ ਰਾਮ ਸਿੰਘ ਜੀ | ੧੦ |
| ਸਾਨੇਹੜੇ ਦੇਂਦੀ | ਇਕ ਬਿਰਹਨ ਦੀ ਪਤ੍ਰਿਕਾ | ੧੬ |
| ਕੀ ਸਿੱਖ ਇਤਿਹਾਸ 'ਰਾਮ ਲੀਲ੍ਹਾ' ਬਣੇਗਾ ? | ਡੀ. ਐਸ. ਲਾਇਲਪੁਰੀ | ੧੮ |
| ਬੰਦੇ ਸੁਣ ! (ਕਵਿਤਾ) | ਸ: ਅਜੀਤ ਸਿੰਘ ਜੀ ਜੀਤ | ੨੦ |
| ਉਸਤਤਿ ਨਿੰਦਾ ਦੋਊ ਤਿਆਗੈ | ਗਿ. ਦੀਦਾਰ ਸਿੰਘ ਜੀ | ੨੧ |
| ਗੁਰ-ਦਰਬਾਰ ਲਖਨੌਰ ਸਾਹਿਬ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ | ੨੫ |
| ਵੱਡਾ ਬਣਨਾ | ਭਾਈ ਮੋਹਨ ਸਿੰਘ ਜੀ ਵੈਦ | ੨੯ |
| ਪਿਆਲੇ ਦੇ ਪੁਜਾਰੀਓ ! ਛਡੋ ਇਸ ਚੰਦਰੀ ਵਾਦੀ ਨੂੰ | "ਦੁਖ ਨਿਵਾਰਨ" | ੩੦ |
| ਰੋਟੀਆ ਕਾਰਣਿ ਪੂਰਹਿ ਤਾਲ | ਪਰਦੇਸੀ ਵੀਰ ਦੀ ਪੁਕਾਰ | ੩੧ |
| ਸਿੱਖ ਧਰਮ ਤੇ ਸ਼ਰਾਬ ਮਾਸ—ਗੁਰਬਾਣੀ ਅਨੁਸਾਰ (੩) | ਜੇ. ਪੀ. ਸੰਗਤ ਸਿੰਘ ਜੀ | ੩੩ |


## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸ੍ਰੀ ਗੁਰੂ ਹਰਿ ਰਾਇ ਜੀ ਗੁਰਿਆਈ ਮਿਲੀ | ੨੮ ਮਾਰਚ |
| ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ ਮਿਲੀ | ੩੧ ਮਾਰਚ |
| ਹੋਲਾ ਮਹੱਲਾ | ੧੬ ਮਾਰਚ |

## 'ਸੂਰਾ' ਮਾਸਕ ਪੱਤਰ ਨੂੰ ਘਰ ਘਰ ਪਹੁੰਚਾਓ

ਸੁਹਿਰਦ ਪਾਠਕਾਂ ਵਲੋਂ 'ਸੂਰਾ' ਪੱਤਰ ਦੇ ਗੁਰਮਤਿ-ਪਰਚਾਰ ਬਾਰੇ ਅਨੇਕਾਂ ਪਰਸੰਸਾ-ਪਤਰ ਪੁਜਦੇ ਰਹਿੰਦੇ ਹਨ । ਪਾਠਕਾਂ ਪਾਸ ਬਿਨੈ ਹੈ ਕਿ 'ਸੂਰਾ' ਪੱਤਰ ਦੀ ਸੇਵਾ ਤਾਂ ਹੀ ਸਫਲ ਹੈ ਜੇ ਆਪ ਜੀ ਗੁਰਮਤਿ-ਪਰਚਾਰ ਹਿਤ ਇਸ ਦ ਵਧ ਤੋਂ ਵਧ ਨਵੇਂ ਮੈਂਬਰ ਬਣਾ ਕੇ ਇਸ ਨੂੰ ਘਰ ਘਰ ਪਹੁੰਚਾਉ । ਦਾਸ—ਮੈਨੇਜਰ

ਗੰਭੀਰ ਪ੍ਰਿੰਟਿੰਗ ਪ੍ਰੈਸ ਚੌਕ ਬਾਬਾ ਭੌੜੀ ਵਾਲਾ. ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੩.੭੬ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ 51847

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਲਾਨਾ ਚੰਦਾ ੮—੦੦
ਪਰਦੇਸ ੧੮—੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦—੭੫



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



**ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ**

ਜਿਲਦ ੧੦ | ਮਾਰਚ ੧੯੭੬ | ਅੰਕ ੩


## ਗਦਾਏ ਦਰਗਹ ਤੋ, ਬਾਦਸ਼ਾਹ ਹਰ ਦੋ ਸਰਾਸਤ

ਗਦਾਏ ਕੂਏ ਤੁਰਾ, ਮੈਲਿ ਬਾਦਸ਼ਾਹੀ ਨੇਸਤ।
ਹਵਾਏ ਸਲਤਨਤੋ, ਸ਼ੌਕਿ ਕਜਿ-ਕੁਲਾਹੀ ਨੇਸਤ ॥੧॥
ਹਰ ਆਂ ਕਿ ਮੁਮਲਕਤਿ ਦਿਲ ਗਰਿਫ਼ਤ ਸੁਲਤਾਨ ਸ਼ੁਦ।
ਕਸੇ ਕਿ ਯਾਫ਼ਤ ਤੁਰਾ, ਹਮਚੋ ਓ ਸਪਾਹੀ ਨੇਸਤ ॥੨॥
ਗਦਾਏ ਦਰਗਹ ਤੋ, ਬਾਦਸ਼ਾਹਿ ਹਰ ਦੋ ਸਰਾਸਤ।
ਅਸੀਰਿ ਖ਼ਤਿ ਤੁਰਾ, ਹਾਜਤਿ ਰਹਾਈ ਨੇਸਤ ॥੩॥
ਕੁਦਾਮ ਦੀਦਹ ਕਿ ਦਰ ਵੈ ਸਵਾਦਿ ਨੂਰਿ ਤੋ ਨੇਸਤ।
ਕੁਦਾਮ ਸੀਨਹ, ਕਿ ਓ ਮਖ਼ਜ਼ਨਿ ਅਲਾਹੀ ਨੇਸਤ ॥੪॥
ਫ਼ਿਦਾਏ ਓ ਸ਼ੌ ਵ ਉਜ਼ਰੇ ਮਖ਼ਾਹ ਐ 'ਗੋਇਆ'।
ਕਿ ਦਰ ਤਰੀਕਤਿ ਮਾ, ਜਾਏ ਉਜ਼ਰ-ਖ਼ਾਹੀ ਨੇਸਤ ॥੫॥

ਪੰਜਾਬੀ ਉਲਥਾ ਵੇਖੋ ਸਫ਼ਾ ੯ ਤੇ] [ਭਾਈ ਨੰਦ ਲਾਲ ਜੀ, ਗਜ਼ਲ ੯


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ।


www.AKJ.Org

# ਗੁਰਮਤਿ-ਰਮਜ਼ਾਂ

[ਵਲੋਂ :— ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

**(੧੫) ਮਨਘੜਤ ਖ਼ਿਆਲਾਂ ਉਤੇ ਮਨ ਦਾ ਟਿਕਾਉ** —ਇਕ ਸਜਣ ਦਾ ਕਥਨ ਹੈ, "ਮਨ ਨੂੰ ਝਟ ਪਟ ਕਿਸੇ ਖ਼ਿਆਲ ਤੇ ਟਿਕਾ ਦੇਣਾ ਸੰਭਵ ਨਹੀਂ।"

ਭਲਾ ਅਸੰਭਵ ਕਿਉਂ ਹੈ ? ਸੌਖਾ ਹੀ ਹੈ। ਮਨ ਦੇ ਖ਼ੁਦ ਘੜੇ ਖ਼ਿਆਲ ਉਤੇ ਮਨ ਨੂੰ ਟਿਕਾ ਦੇਣਾ ਕੀ ਅਉਖਾ ਹੈ। ਨਿਜ ਘੜੇ ਖ਼ਿਆਲਾਂ ਉਤੇ ਤਾਂ ਮਨ ਟਿਕਿਆ ਟਿਕਾਇਆ ਹੀ ਹੈ। ਮਨ ਕਿਸੇ ਨ ਕਿਸੇ ਖ਼ਿਆਲ ਤੇ ਟਿਕਿਆ ਹੀ ਰਹਿੰਦਾ ਹੈ। ਖ਼ਿਆਲ ਘੜੀ ਜਾਂਦਾ ਹੈ, ਨਾਲੇ ਟਿਕੀ ਜਾਂਦਾ ਹੈ। ਘੜ ਘੜ ਕੇ ਟਿਕਦਾ ਹੈ ਤੇ ਟਿਕ ਟਿਕ ਕੇ ਘੜਦਾ ਹੈ। ਇਸ ਖ਼ਿਆਲੀ ਘੜਨ ਤੇ ਟਿਕਣ ਵਿਚ ਵਾਧਾ ਵਿਸ਼ੇਸ਼ਤਾ ਕੋਈ ਨਹੀਂ।

**(੧੬) ਨਿਰੇ ਖ਼ਿਆਲਾਂ ਰਾਹੀਂ ਸਿੱਧੀ ਨਹੀਂ ਪ੍ਰਾਪਤ ਹੋ ਸਕਦੀ** :—ਸਿੱਧੀ ਦੀ ਪ੍ਰਾਪਤੀ ਬਾਰੇ ਇਕ ਸਜਣ ਇਉਂ ਕਹਿੰਦੇ ਹਨ, "ਪਰ ਸਿੱਧੀ ਤਦੋਂ ਹੀ ਹੁੰਦੀ ਹੈ, ਜਦੋਂ ਜਿਸ ਖ਼ਿਆਲ ਦੇ ਰੂਪ ਸ਼ਬਦ ਨੂੰ ਅਸੀਂ ਜੀਭ ਦੁਆਰਾ ਘੜੀ ਘੜੀ ਦੁਹਰਾ ਰਹੇ ਹਾਂ ਤਾਂ ਉਹ ਖ਼ਿਆਲ ਮਨ ਵਿਚ ਵਸ ਜਾਏ।"

ਏਸ ਕਥਨ ਦਾ ਏਸ ਸਜਣ ਦੇ ਖ਼ਿਆਲ ਅਨੁਸਾਰ ਇਹ ਭਾਵ ਹੈ ਕਿ ਖ਼ਿਆਲ ਮਨ ਵਿਚ ਵਸ ਜਾਏ। ਪਰ ਖ਼ਿਆਲ ਤਾਂ ਉਦੋਂ ਹੀ ਮਨ ਵਿਚ ਵਸ ਗਿਆ, ਜਦੋਂ ਜਿਸ ਪਦਾਰਥ ਤੋਂ ਖ਼ਿਆਲ ਉਪਜਿਆ ਹੈ, ਉਸ ਪਦਾਰਥ ਨੂੰ ਗਿਆਨ ਇੰਦਰਿਆਂ ਦੁਆਰਾ ਜਾਣ ਲਿਆ। ਉਸ ਪਦਾਰਥ ਨੂੰ ਜਾਣ ਲੈਣ ਕਰ ਉਸ ਦਾ ਖ਼ਿਆਲ ਮਨ ਵਿਚ ਬਝਦਾ ਹੈ। ਫੇਰ ਉਸ ਪਦਾਰਥ ਪ੍ਰਥਾਇ ਘੜੇ ਲਫਜ਼ (ਸ਼ਬਦ) ਨੂੰ ਬਾਰ ਬਾਰ ਦੁਹਰਾਉਣ ਨਾਲ ਉਸ ਜਾਣੇ ਹੋਏ ਪਦਾਰਥ ਦੀ ਕੇਵਲ ਯਾਦਆਵਰੀ ਹੀ ਹੁੰਦੀ ਹੈ। ਏਸ ਵਿਚ ਸਿਧੀ ਭਲਾ ਕਿਹੜੀ ਪ੍ਰਾਪਤ ਹੋਈ ? ਬੱਚੇ ਨੇ ਬੇਰ ਦੇਖ ਲਿਆ ਤੇ ਖਾ ਲਿਆ, ਉਸੇ ਵੇਲੇ ਤੋਂ ਉਹ ਬੇਰ ਦਾ ਜਾਣੂ ਪਛਾਣੂ ਹੋ ਗਿਆ। ਬਹੁਤੀ ਵੇਰ ਦੇਖੇ-ਖਾਧੇ ਤੋਂ ਉਹ ਬਹੁਤਾ ਜਾਣੂ ਪਛਾਣੂ ਹੋ ਗਿਆ। ਫੇਰ ਜੇ ਉਹ ਬੇਰ ਨੂੰ ਦੇਖਣਾ, ਖਾਣਾ ਛਡ ਕੇ ਨਿਰਾ ਬੇਰ ਬੇਰ ਹੀ ਕਰੀ ਜਾਏ ਤਾਂ 'ਬੇਰ ਬੇਰ' ਕਰੀ ਤੇ ਰਟੀ ਜਾਣ ਨਾਲ ਬੇਰ ਦੇ ਦੇਖੇ-ਖਾਧੇ ਨਾਲੋਂ ਹੋਰ ਬਹੁਤਾ ਵਧੇਰਾ ਖ਼ਿਆਲ ਉਸ ਦੇ ਮਨ ਵਿਚ ਕੀ ਵਸੂ ! ਬੇਰ ਦਾ ਖ਼ਿਆਲ ਉਸ ਦੇ ਮਨ ਵਿਚ ਉਦੋਂ ਹੀ ਵਸ ਧਸ ਗਿਆ ਜਦੋਂ ਬੇਰ ਉਸ ਨੇ ਦੇਖ ਲਿਆ ਤੇ ਖਾ ਲਿਆ। ਖਾ ਕੇ ਤੇ ਪੇਖ ਕੇ ਉਸ ਨੂੰ ਬਾਰ ਬਾਰ ਚਿਤਵਣਾ ਉਸਦਾ ਬਹੁਤਾ ਤ੍ਰਿਸ਼ਨਾਲੂ ਹੀ ਬਣਨਾ ਹੈ, ਇਸ ਤੇ ਹੋਰ ਅਧਿਕ ਗਿਆਨ ਤਾਂ ਉਸ ਨੂੰ ਹੋਣੋਂ ਰਿਹਾ। ਬਝੇ ਖ਼ਿਆਲਾਂ ਦੇ ਬਾਰ ਬਾਰ ਮਨ ਵਸਣ ਵਿਚ ਕਾਹਦੀ ਸਿੱਧੀ ਹੈ ? ਸਿੱਧੀ ਕੋਈ ਨਹੀਂ, ਕੋਹਲੂ ਦੇ ਬੈਲ ਵਾਂਗੂ ਐਵੇਂ ਖ਼ਿਆਲਾਂ ਦੀ ਘੁੰਮਣ-ਘੇਰੀ ਵਿਚ ਪੈਣ ਵਾਲੀ ਗੱਲ ਹੈ। ਘਾਟੇ ਵਾਲੀ ਗੱਲ ਇਹ ਹੈ ਕਿ ਆਮ ਫ਼ਿਲਾਸਫ਼ਰ ਮਾਇਕ ਪਦਾਰਥਾਂ ਦੇ ਪੰਜ-ਇੰਦਰੇ ਭੂਤਕੀ ਗਿਆਨ ਵਾਂਗੂੰ ਅਲੱਖ ਨਿਰੰਜਨੀ ਤੱਤ ਗਿਆਨ ਨੂੰ ਭੀ ਖ਼ਿਆਲੀ ਅਨੁਮਾਨਾਂ ਦੁਆਰਾ ਜਾਣ ਲਿਆ ਫ਼ਰਜ਼ ਕਰ ਲੈਂਦੇ ਹਨ ਅਤੇ ਕਥਨੀ ਦੇ ਤੱਤ-ਬੇਤੇ ਬਣ ਬੈਠਦੇ ਹਨ। ਪਰ ਉਹ ਅਸਲੀ ਤੱਤ ਆਤਮ ਗਿਆਨ ਤੋਂ ਉੱਖੜੇ ਰਹਿੰਦੇ ਹਨ ਅਤੇ ਅੰਧਾ-ਧੁੰਦੀ ਖ਼ਿਆਲਾਂ ਵਿਚ ਸਾਰੀ ਉਮਰ ਪਏ ਠੇਡੇ ਖਾਂਦੇ ਫਿਰਦੇ ਰਹਿੰਦੇ ਹਨ। ਗੁਰਮਤਿ ਤੱਤ ਗਿਆਨ ਦੇ ਨੇੜੇ ਭੀ ਨਹੀਂ ਢੁਕਦੇ। ਆਪਣੀ ਮਨ ਦੀ ਮਤ ਦੁਆਰਾ ਹੀ ਪਏ ਥੀਊਰੀਆਂ ਫ਼ਲਸਫ਼ੇ ਘੜਦੇ ਰਹਿੰਦੇ ਹਨ। ਆਪਣੀ ਮਨ ਦੀ ਮਤਿ ਦੀ ਕਸੌਟੀ ਯਾ ਆਨਮਤਾਂ ਦੇ ਫ਼ਲਾਸਫ਼ਰਾਂ ਦੀ ਮਤਿ-ਫ਼ਲਾਸਫ਼ੀ ਤੋਂ ਉਧਾਰੀ ਲਈ ਹੋਈ ਮਤਿ ਦੀ ਕਸਉਟੀ ਅਨੁਸਾਰ ਗੁਰਮਤਿ ਗੂੜ੍ਹ ਅਲੱਖ ਨਿਰੰਜਨੀ ਗਿਆਨ ਨੂੰ ਪਰਖਦੇ ਹਨ। ਬਸ, ਇਸੇ ਪਰਖਾ ਪਰਖੀ ਵਿਚ ਹੀ ਰੁਲ ਖੁਲ ਜਾਂਦੇ ਹਨ, ਗੁਰਮਤਿ ਮਾਰਗ ਸੁਮਾਰਗ ਪੈਂਦੇ ਹੀ ਨਹੀਂ।

**(੧੭) ਨਾਮ ਜਪਣਾ ਤੇ ਕਰਮ ਕਰਨਾ** :— ਇਕ ਸਜਣ ਲਿਖਦੇ ਹਨ—"ਕਰਮ ਕਰਨ ਤੋਂ ਪਹਿਲੋਂ ਕਰਮ ਦਾ ਖ਼ਿਆਲ ਮਨ ਵਿਚ ਉਪਜਦਾ ਹੈ, ਤੇ



www.AKJ.Org

ਜਦੋਂ ਨਾਮ ਮਨ ਵਿਚ ਵਸ ਗਿਆ, ਕਰਮਾਂ ਦੀ ਰਾਹੀਂ ਵੀ ਪ੍ਰਗਟ ਹੋਵੇਗਾ।"

ਅਣਜਾਣੇ ਕਰਮ ਦਾ ਖਿਆਲ ਮਨ ਵਿਚ ਆਪੋਂ ਨਹੀਂ ਉਪਜ ਸਕਦਾ। ਜਾਣਾਏ ਕਰਮ ਦਾ ਖਿਆਲ ਜਾਣਾਇਆਂ ਅਰਥਾਤ ਉਪਜਾਇਆਂ ਹੀ ਉਪਜਦਾ ਹੈ। ਬਹੁਤ ਸਾਰੇ ਸੰਸਾਰੀ ਕਰਮ ਐਸੇ ਹਨ ਜੋ ਕੀਤੇ ਬਿਨਾਂ ਜਾਣੇ ਹੀ ਨਹੀਂ ਜਾ ਸਕਦੇ। ਐਸੇ ਕਰਮਾਂ ਦਾ ਖ਼ਿਆਲ, ਕਰਮ ਕਰਨੋਂ ਪਹਿਲਾਂ ਮਨ ਵਿਚ ਕਿਵੇਂ ਉਪਜੇਗਾ। ਖ਼ਾਸ ਕਰਿ ਨਾਮ ਰੂਪੀ ਕਰਮ, ਕਰਮਾਂ ਸਿਰ ਕਰਮ, ਸਰਬ ਕਰਮ ਮਹਿ ਸ੍ਰੇਸ਼ਟ ਕਰਮ ਦੀ ਮਾਨੁਖ ਨੂੰ ਸੂਝ ਬੂਝ ਹੀ ਨਹੀਂ, ਤਾਂ ਉਸਦਾ ਖ਼ਿਆਲ ਮਨ ਵਿਚ ਕਿਵੇਂ ਉਪਜੇਗਾ। **ਸਤਿਗੁਰੂ ਪ੍ਰਿਥਮ ਨਾਮ ਦ੍ਰਿੜ੍ਹਾਉਂਦੇ ਹਨ। ਨਾਮ ਦ੍ਰਿੜ੍ਹ ਹੋਣ ਸਾਰ ਹੀ ਸਿਖ ਜਗਿਆਸੂ ਨਾਮ ਜਪਣ ਵਿਚ ਜੁਟ ਜਾਂਦਾ ਹੈ।** ਨਾਮ ਜਪਣ ਕਰਿ ਅਰਥਾਤ ਨਾਮ ਜਪਣ ਰੂਪੀ ਕਰਮ ਕਰਨ ਕਰਿ ਨਾਮ ਮਨ ਵਿਚ ਵਜ਼ਦਾ ਹੈ, ਤਾਂ ਇਸ ਸਜਣ ਜੀ ਦਾ ਇਹ ਕਹਿਣਾ ਕਿ 'ਜਦੋਂ ਨਾਮ ਮਨ ਵਿਚ ਵਸ ਗਿਆ, ਕਰਮਾਂ ਦੇ ਰਾਹੀਂ ਵੀ ਪ੍ਰਗਟ ਹੋਵੇਗਾ' ਖ਼ਬਰ ਨਹੀਂ ਕੀ ਅਰਥ ਰਖਦਾ ਹੈ। ਨਾਮ ਜਪਣਾ ਹੀ ਖ਼ੁਦ ਕਰਮ ਹੈ ਅਤੇ ਕਰਮਨ ਸਿਰਿ ਸ੍ਰੇਸ਼ਟ ਕਰਮ ਹੈ, ਤਾਂ ਫੇਰ ਇਹ ਹੋਰ ਕਿਹੜੇ ਕਰਮਾਂ ਦੇ ਰਾਹੀਂ ਪ੍ਰਗਟ ਹੋਵੇਗਾ। ਪਹਿਲਾਂ ਆਪ ਇਹ ਥੀਊਰੀ ਘੜਦੇ ਹਨ ਕਿ 'ਕਰਮ ਕਰਨ ਤੋਂ ਪਹਿਲੋਂ ਕਰਮ ਦਾ ਖ਼ਿਆਲ ਮਨ ਵਿਚ ਉਪਜਦਾ ਹੈ।' ਪਰ ਜਦ ਇਸ ਥੀਊਰੀ ਨੂੰ ਨਾਮ ਦੀ ਬਵਸਥਾ ਤੇ ਘਟਾਉਂਦੇ ਹਨ, ਤਾਂ 'ਕਰਮ ਦਾ ਖ਼ਿਆਲ ਮਨ ਵਿਚ ਉਪਜਣ ਦੀ ਤਸ਼ਬੀਹ' ਨਾਮ ਮਨ ਵਿਚ ਵਸਣ ਨਾਲ ਦਿੰਦੇ ਹਨ। ਗੋਇਆ ਉਨ੍ਹਾਂ ਦੇ ਨਿਕਟ ਨਾਮ ਦੇ ਖ਼ਿਆਲ ਦਾ ਮਨ ਵਿਚ ਉਪਜਣਾ ਨਾਮ ਦਾ ਮਨ ਵਿਚ ਵਸਣਾ ਹੈ। ਨਾਮ ਮਨ ਵਿਚ ਵਸ ਗਿਆ ਤਾਂ ਹੋਰ ਕਰਮ ਕਰਨ ਦੀ ਕੀ ਲੋੜ ਰਹੀ ਹੈ।

"ਅਵਰਿ ਕਰਮ ਸਭਿ ਲੋਕਾਚਾਰ।"

ਗੁਰਮਤਿ ਦ੍ਰਿੜ੍ਹਾਏ ਜੋ ਜੋ ਭੀ ਹੋਰ ਕਰਮ ਹਨ ਸੋ ਇਸ ਨਾਮ ਰੂਪੀ ਮੁਖ ਪਰਯੋਜਨ ਕਰਮ ਦੇ ਸਾਧਨ-ਸੰਪੰਨ ਸਹਾਇਕ ਕਰਮ ਹਨ। ਇਹ ਗੱਲ ਤਾਂ ਜ਼ਰੂਰੀ ਹੈ ਕਿ ਨਾਮ-ਅਭਿਆਸੀ ਗੁਰਮੁਖ ਜਨ ਤੋਂ ਬੁਰੇ ਕਰਮ ਨਹੀਂ ਹੋ ਸਕਦੇ, ਚੰਗੇ ਹੀ ਹੋਣਗੇ। ਗੁਰਮਤਿ ਅਨਕੂਲ ਕਰਮ ਸੁਕਰਮ ਹੀ ਹੋਵੇਗਾ, ਗੁਰਮਤਿ ਪ੍ਰਤਿਕੂਲ ਨਹੀਂ ਹੋਵੇਗਾ। ਸਜਣ ਜੀ ਦਾ ਸਿਧ੍ਾਂਤ ਏਥੇ ਇਹ ਜਾਪਦਾ ਹੈ ਕਿ ਚੰਗੇ ਕਰਮ ਕਰਨਾ ਇਥੀਕਲ ਕੋਡ (*ethical code*) ਦੇ ਨੇਕ ਇਖ਼ਲਾਕੀ (*morally good*) ਕਰਮ, ਨਾਮ ਦੇ ਮਨ ਵਿਚ ਵਸਣ ਦੀ ਨਿਸ਼ਾਨੀ ਹੈ।

**(੧੮) ਨਾਮ ਜਪਣਾ ਕਰਮਨ ਸਿਰ ਕਰਮਾ:—** ਨਵੀਨ ਇਖ਼ਲਾਕੀ ਵਿਦਿਆ ਪੜ੍ਹ ਪੜ੍ਹ ਕੇ ਰੁੜ੍ਹ ਚੁਕਿਆਂ ਦਾ ਤਾਂ ਐਥੋਂ ਤਾਈਂ ਖ਼ਿਆਲ ਭੀ ਹੈ ਕਿ "ਚੰਗੇ ਕਰਮ ਕਰਨਾ ਹੀ ਆਤਮ ਔਜ ਹੈ, ਨਾਮ ਜਪਣ ਦੇ ਤੁਲ ਹੈ ਅਰਥਾਤ ਨਾਮ ਜਪਣਾ ਹੀ ਹੈ। ਇਸ ਤੋਂ ਵਧ ਕੇ ਨਾਮ ਜਪਣਾ ਕੁਛ ਨਹੀਂ। ਨਾਮ ਜਪੇ ਤੋਂ ਅਰਥ ਲਾਭ ਹੀ ਕੀ ਹੈ? ਐਵੇਂ ਬਕਰੀ ਵਾਂਗੂ ਮੂੰਹ ਮਾਰੀ ਜਾਣਾ, ਇਹ ਭੀ ਕੋਈ ਕਲਿਆਣ ਦਾ ਰਾਹ ਹੈ। ਬਸ, ਚੰਗੇ ਕਰਮ ਕਰੋ, ਬਕਰੀ ਵਾਂਗੂ ਮੂੰਹ ਮਾਰਨਾ ਛਡੋ ਤੇ ਬਾਣੀ ਜੋ ਕੁਛ ਕਹਿੰਦੀ ਹੈ, ਉਸਦੇ ਉਪਰ ਅਮਲ ਕਰੋ। ਬਾਰ ਬਾਰ ਬਾਣੀ ਪੜ੍ਹਨ ਦਾ ਜਾਂ ਬਾਣੀ ਦੇ ਪਾਠਾਂ, ਆਖੰਡ ਪਾਠਾਂ ਦਾ ਕੀ ਫ਼ਾਇਦਾ? ਬਸ, ਬਾਣੀ ਦੇ ਦਸੇ ਦ੍ਰਿੜ੍ਹਾਏ ਕਰਮਾਂ ਉਤੇ ਅਮਲ ਕਰਨਾ ਹੀ ਕਾਫ਼ੀ ਹੈ।"

ਪਰ ਅਸੀਂ ਉਨ੍ਹਾਂ ਵਿਦਿਆ ਅਕਲਈਆਂ ਨੂੰ ਸੁਚੇਤ ਕਰਾਉਂਦੇ ਹੋਏ ਆਖਦੇ ਹਾਂ ਕਿ ਗੁਰਬਾਣੀ ਜਿਨ੍ਹਾਂ ਕਰਮਾਂ ਨੂੰ ਅਮਲ ਵਿਚ ਲਿਆਉਣ ਲਈ ਉਪਦੇਸ਼ ਦਿੰਦੀ ਹੈ, ਉਨ੍ਹਾਂ ਕਰਮਾਂ ਵਿਚੋਂ ਮੁਖ ਕਰਮ ਨਾਮ ਜਪਣਾ ਹੈ। ਥਾਂ ਥਾਂ ਤੇ ਗੁਰਬਾਣੀ ਇਹੋ ਪੁਕਾਰ ਪੁਕਾਰ ਆਖਦੀ ਹੈ ਨਾਮ ਜਪੋ, ਨਾਮ ਜਪੋ। ਪਰ ਜਿਨ੍ਹਾਂ ਨੂੰ ਨਵੀਨ ਰੋਸ਼ਨੀ, ਨਹੀਂ ਨਹੀਂ ਤਾਰੀਕੀ ਰੂਪੀ ਤਿਮਰ ਅਗਿਆਨ ਦਾ ਅੰਧਰਾਤਾ ਹੋ ਚੁਕਾ ਹੈ, ਉਨ੍ਹਾਂ ਦੀ ਚੁੰਧਿਆਈ ਹੋਈ ਅਕਲ ਏਥੇ ਤਾਈਂ ਚੜ੍ਹਦੀ ਹੀ ਨਹੀਂ। ਆਪਣੇ ਚੁੰਧਰਾਤੇ ਵਾਲੀ



www.AKJ.Org

ਵਿਦਿਆ ਹੈਂਕੜਬਾਜ਼ੀ ਵਿਚ ਆਕੜਫੂੰ ਹੋਏ ਉਹ ਜਪ ਸਿਮਰਨ ਨੂੰ ਫ਼ਾਲਤੂ ਗੱਲ ਸਮਝਦੇ ਹਨ।

ਸਾਡੇ ਸਜਣ ਜੀ ਅਜਿਹੇ ਸ਼ਰਧਾ-ਹੀਣ ਫ਼ਿਲਾਸਫ਼ਰਾਂ ਵਿਚ ਨਹੀਂ। ਇਹਨਾਂ ਦੀ ਗੁਰਬਾਣੀ ਉਪਰ ਪੂਰੀ ਸ਼ਰਧਾ ਹੈ। ਪਰ ਗੁਰਬਾਣੀ ਗੁਰਮਤਿ ਦੀ ਖੋਜ ਕਰਦੇ ਹੋਏ ਇਹ ਭੀ ਅਜੇ ਮਨ-ਉਕਤ ਥੀਊਰੀਆਂ ਘੜ ਲੈਂਦੇ ਹਨ। ਪਛਮੀ ਵਿਦਿਆ ਦੀ ਪਰਬਲ ਪਈ ਹੋਈ ਤਾਸੀਰ ਹੇਠਾਂ ਇਹ ਭੀ, ਜੋ ਕੁਝ ਖ਼ਿਆਲ ਅਤੇ ਮਾਨਸਕ ਗਿਆਤ (*knowledge*) ਅੰਦਰ ਆ ਜਾਵੇ, ਉਸੇ ਨੂੰ ਗੁਰਮਤਿ ਆਸ਼ੇ ਦੀ ਪ੍ਰੋੜ੍ਹਤਾ ਲਈ ਵਰਤਦੇ ਹਨ। ਅਜੇ ਇਨ੍ਹਾਂ ਨੂੰ ਗੁਰਮਤਿ ਦੇ ਨਿਰਣੇ ਕਰਨ ਲਈ ਡੂੰਘੀ ਖੋਜ ਅਤੇ ਗੁਰ-ਸ਼ਬਦ ਦੀ ਕਮਾਈ ਕਰਨ ਦੀ ਲੋੜ ਹੈ। ਇਨ੍ਹਾਂ ਨੂੰ ਦਾਰਸ਼ਨਕ ਫ਼ਿਲਾਸਫ਼ਰਾਂ ਵਾਲਾ ਖ਼ਿਆਲ ਉਪਜਿਆ ਹੈ ਕਿ ਗੁਰਮਤਿ ਦੇ ਅਸੂਲਾਂ ਨੂੰ ਦਿਮਾਗੀ ਦਾਇਰੇ ਵਿਚ ਲਿਆ ਕੇ ਲੋਕਾਂ ਪ੍ਰਤੀ ਦ੍ਰਿੜ੍ਹਾਇਆ ਜਾਵੇ। ਪ੍ਰੇਮ ਤੇ ਚਾਉ ਇਹਨਾਂ ਦੇ ਹਿਰਦੇ ਵਿਚ ਇਹੋ ਹੀ ਹੈ ਕਿ ਗੁਰਮਤਿ ਦਾ ਪਰਚਾਰ ਹੋਵੇ। ਜੋ ਕੁਝ ਲਿਖਦੇ ਹਨ, ਨਿਸਕਪਟ ਹੋ ਕੇ ਲਿਖਦੇ ਹਨ। ਲਪੇਟ ਕੋਈ ਨਹੀਂ। ਪਰ ਅਜੇ ਖੌਝਲਦੇ ਹਨ। ਗੁਰੂ ਕਿਰਪਾ ਕਰੇ, ਇਨ੍ਹਾਂ ਨੂੰ ਨਾਮ ਦਾਨ ਬਖ਼ਸ਼ੇ, ਤਾਂਕਿ ਇਸ ਬਿਧਿ ਹੀ ਗੁਰਮਤਿ ਤੱਤ ਆਤਮ ਗਿਆਨ ਦੇ ਪਾਤਰ ਬਣਨ। ਆਪ ਦੇ ਖ਼ਿਆਲ ਵਿਚ ਮੂੰਹ ਰਸਨਾ ਦੁਆਰਾ ਨਾਮ ਜਪਣਾ ਗੁਣਕਾਰੀ ਨਹੀਂ। ਨਾਮ ਦੇ ਮਨਿ ਵਸਣੇ ਨੂੰ ਹੀ ਮੁਖ ਮੰਨਦੇ ਹਨ ਅਤੇ ਆਪਣੇ ਇਸ ਖ਼ਿਆਲ ਦੀ ਪੁਸ਼ਟੀ ਵਿਚ ਇਸ ਪ੍ਰਕਾਰ ਦੇ ਗੁਰ-ਪ੍ਰਮਾਣ ਭੀ ਦਿੰਦੇ ਹਨ:—

ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ, ਤਾ ਫਲੁ ਪਾਵੈ ਕੋਇ ॥ [ਗੂਜਰੀ ਮ: ੩, ੪੯੧

ਮੁਖਹੁ ਹਰਿ ਹਰਿ ਸਭੁ ਕੋ ਕਰੈ, ਵਿਰਲੈ ਹਿਰਦੈ ਵਸਾਇਆ ॥ [ਵਡ: ਮ: ੩, ੫੬੫

ਇਸ ਪ੍ਰਕਾਰ ਦੇ ਗੁਰ-ਪ੍ਰਮਾਣ ਗੁਰਮਤਿ-ਨਾਮ, ਗੁਰੂ ਦ੍ਰਿੜ੍ਹਾਏ ਨਾਮ ਪ੍ਰਥਾਇ ਨਹੀਂ ਘਟਦੇ; ਪ੍ਰੰਤੂ ਗੁਰਮਤਿ-ਹੀਣ ਨਿਗੁਰੇ ਗੁਰਮਤਿ ਨਾਮ ਤੋਂ ਘੁਥੇ ਪ੍ਰਾਣੀਆਂ ਪ੍ਰਥਾਇ ਘਟਦੇ ਹਨ। ਜਿਨ੍ਹਾਂ ਨੂੰ ਗੁਰੂ ਦੁਆਰਾ ਗੁਰਮਤਿ ਨਾਮ ਪ੍ਰਾਪਤ ਨਹੀਂ। ਐਸੇ ਗੁਰਮਤਿ-ਜੁਗਤਿ-ਹੀਨ ਪ੍ਰਾਣੀ ਭਾਵੇਂ "ਰਾਮ ਰਾਮ ਸਭੁ ਕੋ ਕਹੈ" ਦੇ ਭਾਵ ਅਨੁਸਾਰ ਬਥੇਰੇ ਰਾਮ ਰਾਮ ਕਰਦੇ ਫਿਰਦੇ ਹਨ, ਪਰ ਅਜਿਹੇ ਜੁਗਤਿ-ਬਿਹੂਣੇ ਨਿਗੁਰੇ ਜੀਵਾਂ ਦੇ ਇਸ ਬਿਧ ਰਾਮ ਰਾਮ ਰਟੀ ਜਾਣ ਨਾਲ ਕੋਈ ਰਾਮੁ ਨਹੀਂ ਹੁੰਦਾ, ਭਾਵ ਰਾਮੁ ਪ੍ਰਾਪਤ ਨਹੀਂ ਹੁੰਦਾ। ਯਾ 'ਰਮਤ ਰਾਮ ਵਾਲੇ' ਗੁਰਮਤਿ ਨਾਮ ਦਾ ਪ੍ਰਾਪਤ ਹੋਣਾ ਨਹੀਂ ਹੁੰਦਾ, ਨਾ ਹੀ ਨਾਮੀ ਦੀ ਪ੍ਰਾਪਤੀ ਹੁੰਦੀ ਹੈ।

(੧੯) **ਗੁਰ ਪ੍ਰਸਾਦੀ ਹੀ ਨਾਮ ਮਨ ਵਿਚ ਵਸਦਾ ਹੈ** :—ਇਹ ਗੁਰਮਤਿ ਰਾਮ ਦੀ ਪ੍ਰਾਪਤੀ ਵਾਲਾ ਫਲ ਕਿਸ ਬਿਧ ਪ੍ਰਾਪਤ ਹੁੰਦਾ ਹੈ :- "ਗੁਰ ਪਰਸਾਦੀ ਰਾਮੁ ਮਨਿ ਵਸੈ" ਗੁਰੂ ਦੀ ਕਿਰਪਾ ਦੁਆਰਾ ਨਾਮ ਮਨਿ ਵਸਣ ਅਰਥਾਤ ਨਾਮ ਦ੍ਰਿੜ੍ਹ ਹੋਣ ਕਰਿ ਹੁੰਦਾ ਹੈ। ਗੁਰਮਤਿ ਜੁਗਤਿ ਬਿਹੂਣ ਅਰਥਾਤ ਗੁਰੂ ਦੁਆਰਾ ਨਾਮ ਦ੍ਰਿੜ੍ਹ ਹੋਏ ਬਾਝੋਂ ਚਾਹੇ ਕੋਈ ਨਾਮ ਜਪਣ ਦਾ ਲੱਖ ਯਤਨ ਕਰੇ, ਕੁਝ ਨਹੀਂ ਬਣਦਾ। ਗੁਰਪ੍ਰਸਾਦਿ ਬਿਹੂਣ, ਗੁਰੂ ਦੁਆਰਿਓਂ ਨਾਮ ਦਾ ਪ੍ਰਸਾਦਿ ਗੱਫਾ ਪ੍ਰਾਪਤ ਹੋਏ ਬਾਝ ਕਿਸੇ ਪ੍ਰਾਣੀ ਨੂੰ ਨਾਮ ਦ੍ਰਿੜ੍ਹ ਨਹੀਂ ਹੋ ਸਕਦਾ। ਉਸ ਦਾ ਆਪੋਂ ਹੁਦਰਾ ਯਾ ਸੁਣਿਆ ਸੁਣਾਇਆ ਰਾਮ ਰਾਮ ਕਹਿੰਦੇ ਫਿਰਨਾ ਕਿਸੇ ਲੇਖੇ ਨਹੀਂ, ਅਰਥਾਤ ਨਿਸਫਲ ਹੈ। ਗੁਰ ਪ੍ਰਸਾਦੀ ਹੀ ਨਾਮ ਮਨ ਵਿਚ ਵਸਦਾ ਹੈ। ਤਦ ਹੀ ਸਿਖ ਜਗਿਆਸੂ ਦੀ ਨਾਮ ਅਭਿਆਸ ਕਮਾਈ ਫਲੀਭੂਤ ਹੁੰਦੀ ਹੈ। "ਮੁਖਹੁ ਹਰਿ ਹਰਿ ਸਭੁ ਕੋ ਕਰੈ" ਬਾਹਰ-ਮੁਖੀ ਤਾਂ ਹਰਿ ਹਰਿ ਸਭ ਕੋਈ ਕਹਿ ਲੈਂਦਾ ਹੈ, ਪਰ ਉਹ ਜਨ ਵਿਰਲੇ ਹੀ ਹਨ ਜੋ ਹਿਰਦੇ ਵਿਚ ਵਸਾਉਂਦੇ ਹਨ। ਗੁਰਮਤਿ ਨਾਮ ਜਪਣ ਵਾਲਿਆਂ ਦਾ ਗੁਰਮੁਖ ਪੰਥ ਹੀ ਅਜਿਹੇ ਵਿਰਲੇ ਜਨਾਂ ਦਾ ਪੁੰਜ ਹੈ। ਅਰਥਾਤ ਖਾਲਸਾ ਪੰਥ ਅਜਿਹੇ ਗੁਰਮੁਖ ਵਿਰਲੇ ਜਨਾਂ ਦਾ ਹੀ ਪੁੰਜ ਹੈ। ਖ਼ਾਲਸਾ ਪੰਥ ਵਿਚ ਸ਼ਾਮਲ ਹੋਣ ਕਰਿ, ਖ਼ਾਲਸਾ



www.AKJ.Org

ਧਰਮ ਧਾਰਨ ਕਰਿ ਹੀ ਸਤਿ ਨਾਮ ਗੁਰਮੰਤਰ ਦੀ ਗੁਰਦੀਖਿਆ ਗੁਰੂ ਦੁਆਰੇ ਹੋਇ ਕੇ ਮਿਲਦੀ ਹੈ। ਗੁਰੂ, ਸਚੇ ਗੁਰੂ ਦੁਆਰਾ ਖ਼ਾਲਸਾ ਧਰਮ ਧਾਰਨ ਕਰਿ, ਖ਼ਾਲਸਾ ਪੰਥ ਵਿਖੇ ਸ਼ਾਮਲ ਹੋਣ ਕਰਿ ਹੀ ਗੁਰਮੰਤ੍ਰ ਮਿਲਦਾ ਹੈ ਅਤੇ ਗੁਰੂ ਦੁਆਰਿਓਂ ਹੀ ਨਾਮ ਪ੍ਰਾਪਤ ਹੋ ਕੇ ਦ੍ਰਿੜ੍ਹ ਹੁੰਦਾ ਹੈ। ਜਿਨ੍ਹਾਂ ਨੂੰ ਗੁਰੂ ਦੁਆਰਿਓਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ, ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਨਾਮ ਪ੍ਰਾਪਤ ਹੁੰਦਾ ਹੈ, ਉਨ੍ਹਾਂ ਦੇ ਅੰਤਰ ਆਤਮੇ ਅੰਮ੍ਰਿਤ ਨਾਮ ਦੀ ਪਿਉਂਦ ਚੜ੍ਹ ਜਾਂਦੀ ਹੈ, ਉਨ੍ਹਾਂ ਦੇ ਘਟ ਅੰਤਰ ਨਾਮ ਦੀ ਪੁੱਠ ਚੜ੍ਹ ਜਾਂਦੀ ਹੈ, ਉਨ੍ਹਾਂ ਦਾ ਨਾਮ ਦਾ ਰਟਨ, ਮੁਖ ਰਸਨਾ ਕਰਕੇ ਜਪਣਾ ਕਲਾ ਕ੍ਰਿਸ਼ਮੀ ਹੁੰਦਾ ਹੈ।

**(੨੦) ਨਾਮ ਦੀ ਪਾਰਸ-ਕਲਾ** :—ਮੁਖ ਰਸਨਾ ਦੁਆਰਾ ਅੰਮ੍ਰਿਤ ਨਾਮ ਜਪਣ ਕਰਿ ਪਾਰਸ-ਕਲਾ ਵਰਤ ਜਾਂਦੀ ਹੈ। ਇਹ ਪਾਰਸ-ਕਲਾ ਘਟ ਅੰਤਰਿ ਰਸਨਾ ਦੀ ਰਟਨ-ਤਾਰ ਦੁਆਰਾ ਰਸ-ਵਿਗਾਸ ਉਪਜਾਉਂਦੀ ਹੈ। ਜਿਉਂ ਜਿਉਂ ਰਸਨਾ ਕਰਿ ਗੁਰਮਤਿ ਨਾਮ ਰਟੀਦਾ (ਜਪੀਦਾ) ਹੈ, ਤਿਉਂ ਤਿਉਂ ਰਸ-ਜੋਤਿ-ਪ੍ਰਗਾਸ ਦਾ ਖਿੜਾਉ ਵਧੇਰੇ ਤੋਂ ਵਧੇਰੇ ਹੁੰਦਾ ਚਲਿਆ ਜਾਂਦਾ ਹੈ। ਇਸ ਰਸ-ਜੋਤਿ-ਪ੍ਰਗਾਸ ਕਰਿ ਹੀ ਸੁਆਸ-ਅਭਿਆਸੀ ਨਾਭ ਪਵਨ ਦਾ ਅਰਧ-ਉਰਧੀ ਖੰਡਾ ਖੜਕਣ ਲਗ ਪੈਂਦਾ ਹੈ। ਨਾਮ ਦਾ ਇਹ ਰਸ ਵਿਗਾਸ, ਅਨਿਕ ਤ੍ਰੰਗੀ ਨਾਮ ਅਭਿਆਸ ਕਰਨ ਦੀਆਂ ਸਹਿਜ ਜੁਗਤੀਆਂ, ਆਪੋਂ ਹੀ ਸਿਖਾਈ ਜਾਂਦਾ ਹੈ। ਏਥੇ ਆ ਕੇ ਇਕ ਨਿਮਖ ਭਰ ਦਾ ਅਟਕਾਉ ਨਹੀਂ ਹੁੰਦਾ ਅਤੇ ਇਕ ਖਿਨ ਭੀ ਨਾਮ-ਅਭਿਆਸ ਬਿਹੂਣ ਬਿਰਥੀ ਨਹੀਂ ਜਾਂਦੀ। ਪ੍ਰੰਤੂ ਤੋਰਾ ਪ੍ਰਿਥਮ ਰਸਨਾ ਦੁਆਰਾ ਨਾਮ ਰਟਨ ਤੋਂ ਹੀ ਤੁਰਦਾ ਹੈ। ਸਭ ਫਲ ਇਸ ਨਾਮ ਰਟਨ ਨੂੰ ਹੀ ਲਗਦੇ ਹਨ। ਰਸਨਾ ਦੁਆਰਾ ਨਾਮ ਜਪਣ ਪ੍ਰਥਾਇ ਗੁਰਬਾਣੀ ਵਿਖੇ ਥਾਉਂ ਥਾਉਂ ਗੁਰ-ਪ੍ਰਮਾਣ ਮਿਲਦੇ ਹਨ। ਹਾਂ ! ਆਮ ਸੰਸਾਰੀਆਂ ਦਾ ਫੋਕਟ ਰਟਨ ਗੁਰਦੀਖਿਆ ਬਿਹੂਣ, ਗੁਰਮਤਿ ਨਾਮ ਗੁਰੂ ਦੁਆਰਾ ਪ੍ਰਾਪਤ ਹੋਏ ਬਿਹੂਣ, ਐਵੇਂ ਬਿਰਥਾ ਹੀ ਜਾਂਦਾ ਹੈ। ਜੈਸੇ ਕਿ ਗੁਰਵਾਕ ਹੈ :—

> ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ, ਰਾਮੁ ਨ ਪਾਇਆ ਜਾਇ ॥ ਅਗਮੁ ਅਗੋਚਰੁ ਅਤਿ ਵਡਾ, ਅਤੁਲੁ ਨ ਤੁਲਿਆ ਜਾਇ ॥ ਕੀਮਤਿ ਕਿਨੈ ਨ ਪਾਈਆ, ਕਿਤੈ ਨ ਲਇਆ ਜਾਇ ॥ ਗੁਰ ਕੈ ਸਬਦਿ ਭੇਦਿਆ, ਇਨ ਬਿਧਿ ਵਸਿਆ ਮਨਿ ਆਇ ॥
>
> [ਵਾਰ ਬਿਹਾਗੜਾ, ਸਲੋਕ ਮ: ੩, ੫੫੫

ਇਸ ਗੁਰਪ੍ਰਮਾਣ ਤੋਂ ਸਾਫ਼ ਸਪੱਸ਼ਟ ਹੈ ਕਿ ਗੁਰ ਕੇ ਸ਼ਬਦ ਦੁਆਰਾ ਭੇਦੇ ਜਾਣ ਕਰਿ ਹੀ ਨਾਮ ਮਨ ਵਿਚ ਵਸਦਾ ਹੈ। 'ਗੁਰ ਕੈ ਸ਼ਬਦ' ਤੋਂ ਭਾਵ ਗੁਰਮੰਤਰ, ਗੁਰਮਤਿ ਨਾਮ ਹੈ। "ਭੇਦਿਆ" ਪਦ ਨਿਸਚੇ ਕਰਾਉਂਦਾ ਹੈ ਕਿ ਗੁਰਮਤਿ ਨਾਮ ਗੁਰਮੰਤਰ ਅੰਦਰ ਪਾਰਸ ਕਲਾ ਹੈ, ਅੰਮ੍ਰਿਤ ਸ਼ਕਤਿ ਹੈ। ਇਸ ਭਾਵ ਨੂੰ ਅਗਲੇਰੇ ਗੁਰਪ੍ਰਮਾਣ ਦ੍ਰਿੜ੍ਹਾਉਂਦੇ ਹਨ : ਯਥਾ—

> ਕਾਜਰ ਕੋਠ ਮਹਿ ਭਈ ਨ ਕਾਰੀ, ਨਿਰਮਲ ਬਰਨੁ ਬਨਿਓ ਰੀ ॥ ਮਹਾ ਮੰਤ੍ਰ ਗੁਰ ਹਿਰਦੈ ਬਸਿਓ, ਅਚਰਜ ਨਾਮੁ ਸੁਨਿਓ ਰੀ ॥੩॥
>
> [ਆਸਾ ਮ: ੫ ੩੮੪

ਪਾਰਸ-ਕਲਾ ਵਰਤਾਉਣ ਹਿਤ ਸਮਰਥ ਹੋਣ ਕਰ, ਗੁਰਮਤਿ ਨਾਮ ਗੁਰਮੰਤਰ ਬਿਸਮਾਦ ਰੂਪ ਹੈ। ਗੁਰਮਤਿ ਨਾਮ ਦੀ ਐਸੀ ਅਚਰਜ ਸ਼ਕਤ-ਕਲਾ ਹੈ ਕਿ ਇਸ ਦਾ ਅਭਿਆਸੀ, ਇਸ ਮਾਇਆ ਰੂਪ ਸੰਸਾਰ ਰੂਪੀ ਕੱਜਲ-ਕੋਠੜੀ ਵਿਖੇ ਰਹਿੰਦਾ ਹੋਇਆ ਹੀ ਇਸ ਦੀ ਲਬੇੜ ਰੂਪ ਕਾਲਸ ਤੋਂ ਅਲੇਪ ਰਹਿੰਦਾ ਹੈ। ਇਸ ਪਾਰਸ-ਪਰਤਾਪੀ ਗੁਰ-ਸ਼ਬਦ ਗੁਰਮੰਤਰ ਬਿਹੂਣ ਪ੍ਰਾਣੀ ਦੂਜੇ ਭਾਇ ਕਰਿ ਮੋਹਿਆ ਮੁਠਿਆ ਜਾਂਦਾ ਹੈ। ਜੈਸਾ ਕਿ ਗੁਰਵਾਕ ਹੈ :—

> ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥ ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ ॥ [ਗਉੜੀ ਪੂਰਬੀ ਛੰਤ ਮ: ੩, ੨੪੪

[ਪੁਸਤਕ 'ਗੁਰਮਤਿ ਰਮਜ਼ਾਂ' ਵਿਚੋਂ ਧੰਨਵਾਦ ਸਹਿਤ

—o—



www.AKJ.Org

# ਨਰਕ ਸੁਰਗ (੪)

[ਵਲੋਂ :–ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਮਨਮੁਖ ਅੰਧੁਲੇ ਸੋਝੀ ਨਾਹੀ ॥ ਆਵਹਿ ਜਾਹਿ ਮਰਹਿ ਮਰਿ ਜਾਹੀ ॥ ਪੂਰਬਿ ਲੇਖੁ ਨ ਮਿਟਈ, ਜਮਦਰਿ ਅੰਧੁ ਖੁਆਰਾ ਹੇ ॥੩॥ ਇਕਿ ਆਵਹਿ ਜਾਵਹਿ ਘਰਿ ਵਾਸੁ ਨ ਪਾਵਹਿ ॥ ਕਿਰਤ ਕੇ ਬਾਧੇ ਪਾਪ ਕਮਾਵਹਿ ॥ ਅੰਧਲੇ ਸੋਝੀ ਬੂਝ ਨ ਕਾਈ, ਲੋਭੁ ਬੁਰਾ ਅਹੰਕਾਰਾ ਹੇ ॥੪॥... ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥ ਨਰਕਿ ਪਚਹਿ ਅਗਿਆਨ ਅੰਧੇਰੇ ॥ ਧਰਮਰਾਇ ਕੀ ਬਾਕੀ ਲੀਜੈ, ਜਿਨਿ ਹਰਿ ਕਾ ਨਾਮੁ ਵਿਸਾਰਾ ਹੇ ॥੬॥.. ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥ ਜਮ ਕੇ ਫਾਹੇ ਸਤਿਗੁਰਿ ਤੋੜੇ, ਗੁਰਮੁਖਿ ਤਤੁ ਬੀਚਾਰਾ ਹੇ ॥੯॥......ਖੇਹੂ ਖੇਹ ਰਲੈ ਤਨੁ ਛੀਜੈ ॥ ਮਨਮੁਖੁ ਪਾਥਰੁ ਸੈਲੁ ਨ ਭੀਜੈ ॥ ਕਰਣ ਪਲਾਵ ਕਰੇ ਬਹੁਤੇਰੇ, ਨਰਕਿ ਸੁਰਗਿ ਅਵਤਾਰਾ ਹੇ ॥੧੨॥

[ਮਾਰੂ ਮਹਲਾ ੧, ਪੰਨਾ ੧੦੨੯

ਭਾਵ—ਮਨਮੁਖ ਅੰਧਲੇ ਪੁਰਸ਼ ਨੂੰ ਨਾ ਅਗੇ ਦੀ ਤੇ ਨਾ ਪਰਮਾਰਥ ਦੀ ਸੋਝੀ ਹੁੰਦੀ ਹੈ। ਉਹ ਮੁੜਿ ਮੁੜਿ ਆਉਂਦਾ ਜਾਂਦਾ ਹੈ ਅਤੇ ਮਰ ਮਰ ਕੇ ਫੇਰ ਜੋਨੀ ਪੈਂਦਾ ਹੈ। ਉਹ ਜਮਪੁਰੀ ਦੇ ਅੰਧ-ਗੁਬਾਰ ਦੁਆਰੇ ਖੁਆਰ ਹੁੰਦਾ ਹੈ। ਏਸੇ ਤਰ੍ਹਾਂ ਹੋਰ ਅਨੇਕਾਂ ਅਸੇ ਮਨਮੁਖ ਸਾਕਤ ਨਰ ਆਵਾਗਉਣ ਦੇ ਗੇੜ ਵਿਚ ਪੈਂਦੇ ਹਨ। ਸੱਚੀ ਦਰਗਾਹ ਦੇ ਅਸਲੀ ਘਰ ਵਿਖੇ ਇਸਥਿਤੀ ਨਹੀਂ ਪਾਉਂਦੇ, ਸਗੋਂ ਪਾਪ ਕਮਾਉਂਦੇ ਹਨ ਅਤੇ ਲੋਭ ਹੰਕਾਰ ਦੇ ਲਦੇ ਹੋਏ ਫਿਰਦੇ ਹਨ। ਤਿਨ੍ਹਾਂ ਅੰਧਲਿਆਂ ਨੂੰ ਸੁਕ੍ਰਿਤ ਕਰਮਾਂ ਦੇ ਕਰਨ ਦੀ ਸੂਝ ਬੂਝ ਹੀ ਕੋਈ ਨਹੀਂ ਪੈਂਦੀ। ਸੇ ਪ੍ਰੇਤ ਜੋਨ ਵਿਚ ਜਾ ਪੈਂਦੇ ਹਨ। ਇਸ ਪ੍ਰੇਤ ਪਿੰਜਰ ਵਿਚ ਬੜੇ ਹੀ ਘਨੇਰੇ ਅਤੇ ਭਿਅੰਕਰ ਦੁਖ ਭੋਗਣੇ ਪੈਂਦੇ ਹਨ। ਫੇਰ ਨਰਕਾਂ ਵਿਚ ਜਾ ਕੇ ਪਚਦੇ ਹਨ। ਜਿਥੇ ਨਿਰਾ ਘੋਰ-ਘੁਪ ਅਗਿਆਨ ਅੰਧੇਰਾ ਹੀ ਹੁੰਦਾ ਹੈ। ਧਰਮ-ਰਾਇ ਦੀ ਨਿਕਲੀ ਬਾਕੀ ਤਿਨ੍ਹਾਂ ਨੂੰ ਅਵੱਸ਼ ਹੀ ਦੇਣੀ ਪੈਂਦੀ ਹੈ। ਇਹ ਉਨ੍ਹਾਂ ਦਾ ਹਾਲ ਹੁੰਦਾ ਹੈ ਜਿਨ੍ਹਾਂ ਨੇ ਮਨੁਖ ਜਨਮ ਧਾਰ ਕੇ ਨਾਮ ਨਹੀਂ ਜਪਿਆ ਹੁੰਦਾ। ਇਸ ਜਗਤ-ਸੰਸਾਰ ਵਿਖੇ ਇਸਤ੍ਰੀ ਪੁਤਰ ਦਾ ਹੇਤ ਪਿਆਰ ਹੀ ਮਨਮੁਖ ਪੁਰਸ਼ਾਂ ਉਤੇ ਪਰਬਲ ਹੁੰਦਾ ਹੈ। ਮਾਇਆ-ਮੋਹ ਦੇ ਪਸਾਰੇ ਵਿਚ ਸਾਕਤ ਸੰਸਾਰੀ ਪੁਰਸ਼ ਖਪਿ ਖਪਿ ਸਾਰੀ ਉਮਰ ਮਰਦੇ ਹਨ। ਇਹ, ਜਗ ਦੇ ਫਾਹੇ ਸਤਿਗੁਰੂ ਦੀ ਕਿਰਪਾ ਨਾਲ ਹੀ ਟੁੱਟ ਸਕਦੇ ਹਨ। ਅਤੇ ਟੁਟਦੇ ਉਹਨਾਂ ਗੁਰਮੁਖਾਂ ਦੇ ਹਨ, ਜਿਨ੍ਹਾਂ ਨੇ ਗੁਰਮਤਿ-ਨਾਮ ਦਾ ਤੱਤ ਅਭਿਆਸ ਕਮਾਇਆ ਹੁੰਦਾ ਹੈ। ਸਾਕਤ ਮਨਮੁਖ ਪ੍ਰਾਣੀ ਪੱਥਰ ਦੀ ਸਿਲ ਦੀ ਨਿਆਈਂ ਹੁੰਦਾ ਹੈ। ਉਹ ਭਿਜਦਾ ਨਹੀਂ। ਮੁੜ ਮੁੜ ਕੇ ਅਨੇਕ ਦੇਹ ਜੂਨੀਆਂ ਧਾਰ ਧਾਰ ਕੇ ਉਹ ਖੇਹੂ ਖੇਹ ਰੁਲਦਾ ਫਿਰਦਾ ਹੈ। ਬਥੇਰੇ ਤਰਲੇ ਲੈਂਦਾ ਹੈ, ਪਰ ਉਸਦੇ ਤਰਲੇ ਲਇਆਂ ਬਣਦਾ ਕੁਛ ਨਹੀਂ। ਨਰਕਾਂ ਸੁਰਗਾਂ ਵਿਚ ਪਿਆ ਘੁੰਮਦਾ ਫਿਰਦਾ ਹੈ। ਇਸ ਗੁਰਵਾਕ ਅੰਦਰ ਭੀ ਨਰਕ ਸੁਰਗ ਤੋਂ ਬਿਨਾਂ ਜ਼ਮਪੁਰੀ ਅਤੇ ਆਵਾਗਉਣ ਦੀ ਹੋਂਦ ਸਿਧ ਹੁੰਦੀ ਹੈ ਅਤੇ ਅਗਲੀ ਦਰਗਾਹ ਵਿਖੇ ਨਿਆਉਂ-ਨਿਬੇੜਨ ਹਾਰਿ, ਧਰਮਰਾਇ ਦੀ ਕਚਹਿਰੀ ਦੀ ਪੇਸ਼ੀ ਭੁਗਤਣ ਦੀ ਸ਼ਾਹਦੀ ਭੀ ਮਿਲਦੀ ਹੈ।

ਨਾਮ ਨਾ ਜਪਣਹਾਰੇ ਮਨਮੁਖ ਸਾਕਤ ਦਾ ਮਨ ਤਨ ਕੁਸ਼ਟੀ ਹੈ। ਉਹ ਅਗੇ ਜਾ ਕੇ ਨਰਕ ਵਿਚ ਵਾਸਾ ਪਾਉਂਦਾ ਹੈ। ਯਥਾ ਗੁਰਵਾਕ—

ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ ॥੯॥ [ਮਾਰੂ ਮਹਲਾ ੧, ਪੰ: ੧੦੬੪

ਵਾਹਿਗੁਰੂ ਨਾਮ ਦਾ ਅਜਪਾ ਜਾਪ ਜਪ ਕੇ, ਮਨੁਖਾ ਜਨਮ ਨੂੰ ਸਫ਼ਲੱਾ ਕੇ ਲੇਖੇ ਲਾ ਲ਼ਈਦਾ ਹੈ ਅਤੇ ਬਾਜ਼ੀ ਜਿਤ ਕੇ ਵਾਹਿਗੁਰੂ ਦੀ ਹਜ਼ੂਰੀ ਵਿਚ ਆ



www.AKJ.Org

ਵਸੀਦਾ ਹੈ। ਰਸਕ ਰਸਕ ਗੁਣ ਗਾਉਣਹਾਰਿਆਂ, ਵਾਹਿਗੁਰੂ ਦੇ ਪਿਆਰਿਆਂ ਨੂੰ ਲਖ ਚੌਰਾਸੀਹ ਨਹੀਂ ਦੇਖਣੇ ਪੈਂਦੇ। ਮਨਮੁਖ ਸਾਕਤਾਂ ਨੂੰ ਲਖ ਚੌਰਾਸੀਹ ਨਰਕ ਸਾਰੇ ਭੁਗਤਣੇ ਪੈਂਦੇ ਹਨ। ਯਥਾ ਗੁਰਵਾਕ—

ਹਰਿ ਕਾ ਜਾਪੁ ਜਪਹੁ ਜਪੁ ਜਪਨੇ ॥ ਜੀਤਿ ਆਵਹੁ ਵਸਹੁ ਘਰਿ ਅਪਨੇ ॥ ਲਖ ਚਉ-ਰਾਸੀਹ ਨਰਕ ਨ ਦੇਖਹੁ, ਰਸਕਿ ਰਸਕਿ ਗੁਣ ਗਾਈ ਹੇ ॥੧੦॥

[ਮਾਰੂ ਸੋਲਹੇ ਮਹਲਾ ੫, ਪੰ: ੧੦੭੨

ਅਗਲੇ ਗੁਰਵਾਕ ਅੰਦਰ ਨਿਗੁਰੇ ਮਨਮੁਖਾਂ ਸਾਕਤਾਂ ਦੀ ਨਰਕ-ਗਾਮੀ ਗਤੀ ਫੇਰ ਕੈਸੀ ਭਿਅੰਕਰਣੀ ਦੱਸੀ ਗਈ ਹੈ। ਯਥਾ ਗੁਰਵਾਕ—

ਰੇ ਮਨ ਲੋਭੀ ਸੁਣਿ ਮਨ ਮੇਰੇ ॥ ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥ ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ ॥੧੧॥ ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥ ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥

[ਮਾਰੂ ਸੋਲਹੇ ਮ: ੫, ਪੰ: ੧੦੭੩

ਇਸ ਗੁਰਵਾਕ ਅੰਦਰ ਜਗਿਆਸੂ ਮਨ ਨੂੰ ਸੋਹੇਂ ਕਰ ਕੇ ਸਤਿਗੁਰੂ ਸਚੇ ਪਾਤਸ਼ਾਹ ਕਿਆ ਪਿਆਰ ਨਾਲ ਸਮਝੋਤੀਆਂ ਦਿੰਦੇ ਹਨ, ਆਪਣੇ ਨਿਜ ਮਨ ਨੂੰ ਸੰਬੋਧਨ ਕਰਕੇ, ਹੇ ਮਨ ਲੋਭੀ ! ਤੂੰ ਸਚੀ ਸਿਖਿਆ ਨੂੰ ਸੁਣ ਕੰਨ ਲਾ ਕੇ। ਸਤਿਗੁਰੂ ਦੀ ਦ੍ਰਿੜ੍ਹਾਈ ਦੀਖਸ਼ਾਈ ਸੇਵਾ-ਭਗਤੀ ਕਰ, ਤੂੰ ਦਿਨ ਰਾਤ ਇਕ ਕਰ ਕੇ। ਹਰ ਛਿਨ ਸਦਾ ਸਦਾ ਵਾਹਿਗੁਰੂ ਨਾਮ ਦਾ ਜਾਪ ਅਭਿਆਸ ਕਰ। ਪਹਿਲਾਂ ਗੁਰੂ ਨਾਨਕ ਘਰ ਦਾ ਅੰਮ੍ਰਿਤਧਾਰੀ ਸਿਖ ਬਣ ਕੇ, ਗੁਰੂ ਦੁਆਰਿਓਂ ਪੰਜਾਂ ਪਿਆਰਿਆਂ ਰਾਹੀਂ ਗੁਰ-ਦੀਖਿਆ ਗੁਰ-ਮੰਤ੍ਰ ਲਈਦਾ ਏ ਤਾਂ ਗੁਰਮੁਖ ਸਗੁਰੇ ਸਿਖ ਬਣੀਦਾ ਹੈ, ਨਹੀਂ ਤਾਂ ਨਿਗੁਰੇ ਹੀ ਰਹੀਦਾ ਹੈ। ਇਸ ਬਿਧ ਸਤਿਗੁਰੂ ਧਾਰਨ ਕੀਤੇ ਬਿਨਾਂ ਸਾਕਤ ਨਿਗੁਰੇ ਪਚਿ ਪਚਿ ਮਰਦੇ ਹਨ ਅਤੇ ਅਨੇਕਾਂ ਅਸੰਖ ਬਿ-ਗਤੇ ਹੀ ਮਰਿ ਮਰਿ ਗਏ ਹਨ। ਨਿਗੁਰਿਆਂ ਸਾਕਤਾਂ ਦੇ ਗਲਾਂ ਵਿਚ ਅਗੇ ਗਇਆਂ ਜਮਾਂ ਦੀ ਫਾਸ ਪੈਂਦੀ ਹੈ। ਮਨਮੁਖ ਸਾਕਤ ਪੁਰਸ਼ ਮੁੜਿ ਮੁੜਿ ਆਉਂਦਾ ਜਾਂਦਾ ਹੈ ਅਤੇ ਫਿਰਿ ਫਿਰਿ ਚੋਟਾਂ ਖਾਂਦਾ ਹੈ। ਜਿਤਨੇ ਭੀ ਨਰਕ ਹਨ ਸੋ ਮਨਮੁਖ ਸਾਕਤ ਪੁਰਸ਼ ਭੋਗਦਾ ਹੈ। ਗੁਰਮੁਖ ਜਨ ਨੂੰ ਏਹਨਾਂ ਨਰਕਾਂ ਦਾ ਲੇਪ ਮਾਤਰ ਭੀ ਨਹੀਂ ਲਗਦਾ। ਇਸ ਗੁਰਵਾਕ ਤੋਂ ਸਿਧ ਹੋਇਆ ਕਿ ਅਗਲੀ ਦਰਗਾਹ ਵਿਚ ਇਕ ਨਹੀਂ, ਅਨੇਕ ਪ੍ਰਕਾਰ ਦੇ ਨਰਕ ਹਨ। ਸੋ ਸਾਰੇ ਹੀ ਸਾਕਤ ਨਿਗੁਰੇ ਮਨਮੁਖਾਂ ਨੂੰ ਭੋਗਣੇ ਪੈਣੇ ਹਨ।

ਅਗਲੇ ਗੁਰਵਾਕ ਅੰਦਰ ਸਪੱਸ਼ਟ ਕੀਤਾ ਗਿਆ ਹੈ ਕਿ ਗੁਰੂ ਗੁਰੂ ਸਿਮਰਨਹਾਰਾ, ਗੁਰੂ ਦਾ ਸੇਵਕ ਸਿਖ ਨਰਕਿ ਨਹੀਂ ਜਾਂਦਾ, ਨਾ ਜਮਾਂ ਦੀ ਮਾਰ ਸਹਿੰਦਾ ਹੈ। ਯਥਾ ਗੁਰਵਾਕ—

ਗੁਰ ਸਿਮਰਤ ਸਭਿ ਕਿਲਵਿਖ ਨਾਸਹਿ॥ ਗੁਰੁ ਸਿਮਰਤ ਜਮ ਸੰਗਿ ਨ ਫਾਸਹਿ ॥ ਗੁਰੁ ਸਿਮਰਤ ਮਨੁ ਨਿਰਮਲੁ ਹੋਵੈ, ਗੁਰੁ ਕਾਟੇ ਅਪਮਾਨਾ ਹੇ ॥੨॥ ਗੁਰ ਕਾ ਸੇਵਕੁ ਨਰਕਿ ਨ ਜਾਏ ॥ ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ ॥ ਗੁਰ ਕਾ ਸੇਵਕੁ ਸਾਧ ਸੰਗੁ ਪਾਏ, ਗੁਰੁ ਕਰਦਾ ਨਿਤ ਜੀਅ ਦਾਨਾ ਹੇ ॥੩॥ ਗੁਰਦੁਆਰੈ ਹਰਿ ਕੀਰਤਨੁ ਸੁਣੀਐ ॥ ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥ ਕਲਿ ਕਲੇਸ ਮਿਟਾਏ ਸਤਿਗੁਰੁ, ਹਰਿ ਦਰਗਹ ਦੇਵੈ ਮਾਨਾਂ ਹੇ ॥੪॥

[ਮਾਰੂ ਸੋਲਹੇ ਮ: ੫, ਪੰਨਾ ੧੦੭੫

ਭਾਵ—ਗੁਰੂ ਗੁਰੂ ਵਾਹਿਗੁਰੂ ਵਾਹਿਗੁਰੂ ਸਿਮਰ-ਦਿਆਂ ਸਾਰੇ ਵਡੇ ਤੋਂ ਵਡੇ ਪਾਪ ਮਿਟ ਜਾਂਦੇ ਹਨ। ਗੁਰੂ ਗੁਰੂ ਵਾਹਿਗੁਰੂ ਵਾਹਿਗੁਰੂ ਸਿਮਰਦਿਆਂ ਅਗੇ ਜਾ ਕੇ ਜਮਾਂ ਦੇ ਟੇਟੇ ਨਹੀਂ ਚੜ੍ਹੀਦਾ ਅਤੇ ਜਮ-ਜਾਲ ਵਿਚ ਨਹੀਂ ਫਸੀਦਾ। ਵਾਹਿਗੁਰੂ ਵਾਹਿਗੁਰੂ ਸਿਮਰ-ਦਿਆਂ ਸਿਮਰਨਹਾਰੇ ਦਾ ਮਨ ਮੈਲ ਰਹਿਤ (ਨਿਰਮਲ) ਹੋ ਜਾਂਦਾ ਹੈ। ਜਿਨ੍ਹਾਂ ਦਾ ਮਾਨ ਕਿਤੇ ਭੀ ਨਹੀਂ ਹੁੰਦਾ, ਜਿਥੇ ਜਾਣ ਉਥੇ ਅਪਮਾਨ ਹੀ ਅਪਮਾਨ ਹੁੰਦਾ ਹੈ, ਗੁਰੂ ਗੁਰੂ ਸਿਮਰਦਿਆਂ ਉਨ੍ਹਾਂ ਦਾ ਅਪਮਾਨ ਕਿਤੇ ਭੀ ਨਹੀਂ ਹੁੰਦਾ। ਅਪਮਾਨ ਦੀ ਰੇਖਾ ਵਾਹਿਗੁਰੂ



www.AKJ.Org

ਦਾ ਸਿਮਰਨ ਕੱਟ ਦਿੰਦਾ ਹੈ। ਅਗੇ ਜਾ ਕੇ ਉਸ ਦਾ ਆਦਰ ਹੁੰਦਾ ਹੈ ਅਤੇ ਏਥੇ ਭੀ। ਗੁਰੂ ਗੁਰੂ ਵਾਹਿਗੁਰੂ ਵਾਹਿਗੁਰੂ ਸਿਮਰਨਹਾਰਾ ਗੁਰੂ ਕਾ ਸੇਵਕ ਸਿਖ ਸਚਿਆਰਾ ਅਗੇ ਜਾ ਕੇ ਨਰਕਾਂ ਵਿਚ ਨਹੀਂ ਪੈਂਦਾ, ਕਿਉਂਕਿ ਉਹ ਸੁਆਸਿ ਸੁਆਸਿ ਪਾਰਬ੍ਰਹਮ ਵਾਹਿਗੁਰੂ ਨੂੰ ਧਿਆਉਂਦਾ ਹੈ। ਜਿਹੜਾ ਜਗਿਆਸੂ ਗੁਰੂ ਘਰ ਦੀ ਸੰਗਤਿ, ਸਚੀ ਸਾਧ ਸੰਗਤਿ ਵਿਚ ਜਾ ਕੇ ਸੇਵਾ-ਭਾਵਨੀ ਦੁਆਰਾ ਪਰਮਾਰਥ ਦੀ ਅਤੇ ਸਚੇ ਨਾਮ ਦੀ ਯਾਚਨਾ ਕਰਦਾ ਹੈ, ਉਸ ਨੂੰ ਗੁਰੂ ਦੁਆਰਿਓਂ ਜੀਅਦਾਨ ਗੁਰਮੰਤਰ ਦੀਖਿਆ ਮਿਲਦੀ ਹੈ। ਇਸ ਬਿਧਿ ਗੁਰ-ਦੀਖਿਆ ਗੁਰੂ ਦੁਆਰਿਓਂ ਗੁਰਮੰਤਰ ਗੁਰ ਸਤਿਨਾਮ ਦੀ ਲੈ ਕੇ ਜੋ ਗੁਰੂ ਗੁਰੂ ਵਾਹਿਗੁਰੂ ਵਾਹਿਗੁਰੂ ਦਾ ਨਿਸ-ਬਾਸਰ ਅਜਪਾ ਜਾਪ ਕਰਦਾ ਹੈ, ਉਹ ਗੁਰਸਿਖ ਸੇਵਕ ਗੁਰ-ਬਖ਼ਸ਼ਿਆ-ਨਾਮ ਸਿਮਰਨ ਕਰ ਕੇ ਨਰਕ ਵਿਚ ਨਹੀਂ ਪੈਂਦਾ। ਗੁਰੂ ਬਿਨਾਂ ਆਪੋਂ ਨਾਮ ਕੋਈ ਜਪ ਨਹੀਂ ਸਕਦਾ। ਨਿਗੁਰੇ ਦਾ ਸੁਣਿਆ ਸੁਣਾਇਆ ਗੁਰ-ਦੀਖਿਆ ਬਿਹੂਣਾ ਨਾਮ ਜਪਿਆ ਕਿਸੇ ਲੇਖੇ ਨਹੀਂ ਪੈਂਦਾ। ਅੱਵਲ ਤਾਂ ਉਸ ਤੋਂ ਨਾਮ ਸਿਮਰ ਹੀ ਨਹੀਂ ਹੁੰਦਾ, ਐਵੇਂ ਲੋਕਾਂ ਭਾਣੇ ਪਪ ਪਪ ਕਰਦਾ ਹੈ। ਸਭ ਬਿਰਥਾ ਹੀ ਜਾਂਦਾ ਹੈ। ਗੁਰੂ ਦੁਆਰਿਓਂ ਦੀਖਤ ਹੋਇਆ ਗੁਰਮੁਖ ਜਨ ਹੀ ਸਿਮਰਨ-ਸਫਲਤਾ ਦੀ ਸਮਰਥਾ ਦਾ ਭਾਗੀ ਬਣਦਾ ਹੈ। ਇਸ ਬਿਧ ਸਤਿਗੁਰੂ ਨੂੰ ਭੇਟ ਕੇ ਜੋ ਜਨ ਵਾਹਿਗੁਰੂ ਨਾਮ ਮੁਖੋਂ ਉਚਾਰਦਾ ਹੈ, ਸਿਮਰਨ ਕਰਿ ਸੁਆਰਦਾ ਹੈ ਅਤੇ ਗੁਰੂ ਕੀ ਸੰਗਤ ਵਿਚ ਬਹਿ ਕੇ ਯਾ ਗੁਰੂ-ਦੁਆਰੇ ਰਹਿ ਕੇ ਪ੍ਰੇਮ-ਭਾਵਨਾ ਸਹਿਤ ਗੁਰਬਾਣੀ ਦਾ ਕੀਰਤਨ ਅਤੇ ਗੁਰਮਤਿ ਨਾਮ ਮਈ ਸਿਫਤਿ-ਸਲਾਹ ਦਾ ਜਸ ਸੁਣਦਾ ਹੈ, ਉਸ ਦੇ ਸਾਰੇ ਕਲ ਕਲੇਸ਼ ਸਤਿਗੁਰੂ ਨਾਨਕ ਦਸਮੇਸ਼ ਸੱਚਾ ਪਾਤਸ਼ਾਹ ਆਪਿ ਮਿਟਾ ਦਿੰਦਾ ਹੈ ਅਤੇ ਉਸ ਨੂੰ ਸਚੀ ਦਰਗਾਹ ਅੰਦਰ ਸੱਚਾ ਆਦਰ ਮਾਣ ਦਿੰਦਾ ਦਿਵਾਉਂਦਾ ਹੈ।

ਅਗਲੇ ਗੁਰਵਾਕ ਅੰਦਰ ਨਾਮ ਨਾ ਜਪਣਹਾਰੇ ਨੂੰ ਅਕ੍ਰਿਤਘਣ ਦਸਿਆ ਗਿਆ ਹੈ ਅਤੇ ਤਿਸ ਅਕ੍ਰਿਤ-ਘਣ ਨੂੰ ਨਰਕਾਂ ਦਾ ਅਧਿਕਾਰੀ ਵਰਨਣ ਕੀਤਾ ਗਿਆ ਹੈ। ਯਥਾ ਗੁਰਵਾਕ—

ਜਾ ਤੇ ਬਿਰਥਾ ਕੋਊ ਨਾਹੀ ॥ ਆਠ ਪਹਰ ਹਰਿ ਰਖੁ ਮਨ ਮਾਹੀ ॥ ਸਾਧ ਸੰਗਿ ਭਜੁ ਅਚੁਤ ਸੁਆਮੀ, ਦਰਗਹ ਸੋਭਾ ਪਾਵਣਾ ॥੩॥......ਜਿਸ ਨੋ ਬਿਸਰੈ ਪੁਰਖੁ ਬਿਧਾਤਾ ॥ ਜਲਤਾ ਫਿਰੈ ਰਹੈ ਨਿਤ ਤਾਤਾ ॥ ਅਕਿਰਤਘਣੈ ਕਉ ਰਖੈ ਨ ਕੋਈ, ਨਰਕ ਘੋਰ ਮਹਿ ਪਾਵਣਾ ॥੭॥

[ਮਾਰੂ ਸੋਲਹੇ ਮ: ੫, ਪੰਨਾ ੧੦੭੬

ਭਾਵ—ਜਿਸ ਵਾਹਿਗੁਰੂ ਤੋਂ ਬਿਰਥਾ-ਬਾਹਰਾ ਕੋਈ ਨਹੀਂ, ਉਸ ਅਚੁਤ ਸੁਆਮੀ ਨੂੰ ਸਾਧ ਸੰਗਤ ਵਿਖੇ ਮਿਲ ਕੇ ਸੁਆਸ ਸੁਆਸ ਸਾਲਾਹੁਨ ਸਿਮਰਨਹਾਰੇ, ਸੰਵਾਰਨਹਾਰੇ ਨੂੰ ਸਚੀ ਦਰਗਾਹ ਅੰਦਰ ਸੋਭਾ ਪਾਵਣ ਦਾ ਮਰਤਬਾ ਮਿਲਦਾ ਹੈ। ਜਿਸ ਨੂੰ ਕਰਨਹਾਰ ਕਰਤਾਰ ਬਿਧਾਤਾ ਕਦੇ ਚਿਤ ਨਹੀਂ ਆਉਂਦਾ, ਸਦਾ ਵਿਸਰਿਆ ਹੀ ਰਹਿੰਦਾ ਹੈ, ਉਹ ਸਦਾ ਜਲਦਾ ਹੀ ਫਿਰਦਾ ਰਹਿੰਦਾ ਹੈ। ਨਿਤ ਸੜੇ ਹੋਏ ਹਿਰਦੇ ਵਾਲਾ ਤੱਤਾ ਹੀ ਤੱਤਾ ਰਹਿੰਦਾ ਹੈ। ਠੰਢ ਤਾਂ ਪੈਂਦੀ ਹੈ ਕੇਵਲ ਨਾਮ ਸਿਮਰਿਆਂ। ਨਾਮ ਬਿਹੂਨੜੀ ਸਾਰੀ ਲੁਕਾਈ ਜਲਦੀ ਹੀ ਫਿਰਦੀ ਹੈ। ਇਸ ਜਗ ਜਲਦੇ ਭੁਜਦੇ ਸੱੜਦੇ ਨੂੰ ਦੇਖ ਕੇ ਹੀ ਸ੍ਰੀ ਗੁਰੂ ਨਾਨਕ ਸਾਹਿਬ ਸਚੇ ਪਾਤਸ਼ਾਹ ਧੁਰ ਦਰਗਾਹੋਂ ਇਸ ਜਲਦੇ ਸੰਸਾਰ ਵਿਚ ਨਾਮ ਦੀ ਸਚੀ ਠੰਢ ਪਾਉਣ ਆਏ। ਜੋ ਅਭਾਗੇ ਪੁਰਸ਼ ਅਜੇ ਭੀ ਐਸਾ ਗੁਰੂ ਪਾ ਕੇ ਨਹੀਂ ਵਰੋਸਾਏ, ਸਚੀ ਨਾਮ ਦੀ ਠੰਢ ਲੈ ਕੇ ਉਹਨਾਂ ਨੇ ਜਲਦਾ ਬਲਦਾ ਸੜਦਾ ਹਿਰਦਾ ਠੰਢਾ ਨਹੀਂ ਕੀਤਾ, ਉਹਨਾਂ ਨੂੰ ਅਗੇ ਜਾ ਕੇ ਕਿਵੇਂ ਠੰਢ ਨਸੀਬ ਹੋਵੇਗੀ। ਜਿਹੜੇ ਨਾਮ ਬਿਹੂਨੜੇ ਏਥੇ (ਇਸ ਲੋਕ ਵਿਖੇ) ਜਲਦੇ ਬਲਦੇ ਸੜਦੇ ਹਨ, ਉਹਨਾਂ ਨੇ ਅਗੇ ਜਾ ਕੇ ਤਾਂ ਸੜਨਾ ਬਲਣਾ ਅਵੱਸ਼ ਹੀ ਹੋਇਆ। ਵਾਹਿਗੁਰੂ ਦਾ ਨਾਮ ਵਿਸਾਰਨਹਾਰੇ ਅਸਲ ਅਕ੍ਰਿਤਘਣ ਹਨ। ਐਸੇ ਅਕ੍ਰਿਤਘਣਾਂ ਦਾ ਐਥੇ ਉਥੇ ਕੋਈ ਰਖਵਾਲਾ ਨਹੀਂ, ਕੋਈ ਬਾਹਰੂ ਨਹੀਂ। ਉਹ ਅਗੇ ਅਗਾਹਾਂ ਪੁਜ ਕੇ ਨਰਕ ਘੋਰ ਵਿਚ ਹੀ ਪਾਏ ਜਾਂਦੇ ਹਨ। ਉਹਨਾਂ ਨੂੰ ਹੋਰ ਕੋਈ ਥਾਉਂ ਨਹੀਂ ਸਾਂਭਦਾ, ਨਰਕ ਹੀ ਸੰਭਾਲਦੇ ਹਨ।

["ਅਣਡਿਠੀ ਦੁਨੀਆ" ਪੁਸਤਕ ਵਿਚੋਂ ਧੰਨਵਾਦ ਸਹਿਤ

www.AKJ.Org

# ਅਨੰਦਪੁਰ ਦੇ ਹੋਲੇ ਦਾ ਦ੍ਰਿਸ਼

[ਵਲੋਂ :–ਗਿਆਨੀ ਗੋਪਾਲ ਸਿੰਘ ਜੀ 'ਮਿਤਰ', ਮਾਲਬ (ਗੁੜਗਾਉਂ)]

ਸ਼ੋਭਦੇ ਨੇ ਵਾਂਗ ਚੰਦ 'ਗੋਬਿੰਦ' ਅਨੰਦ ਕਦੇ, ਤਾਰਿਆਂ ਸਮ ਸੰਗਤਾਂ ਸੁਭਾਇਮਾਨ ਸਾਰੀਆਂ।
ਨੈਣਾਂ ਦੀ ਨ ਝਾਲ ਝਲ ਸਕਦੇ ਨੇ ਰਵਿ ਸਸਿ, ਅਖਾਂ ਨ ਉਤਾਂਹ ਹੋਣ ਸ਼ਰਮ ਦੀਆਂ ਮਾਰੀਆਂ।
ਸ਼ੋਭਦੇ ਨੇ ਸੁਭਟ ਸਜੇ ਸ਼ਸਤ੍ਰਾਂ ਸੰਗ ਸਨਧ ਬਧ, ਤੀਰ ਭੱਥੇ ਧਨੁਸ਼ ਤਲਵਾਰਾਂ ਸ਼ਿੰਗਾਰੀਆਂ।
ਅਧਭੁਤ ਰੰਗ ਦਰਬਾਰ ਵਿਚ ਛਾਇਆ ਹੈ, ਹੋਲੜਾ ਮਨਾਣ ਦੀਆਂ ਹੋਈਆਂ ਨੇ ਤਿਆਰੀਆਂ ॥੧॥
'ਗੋਬਿੰਦ' ਦਰਬਾਰ ਵਿਚ ਖ਼ੁਸ਼ੀਆਂ ਅਪਾਰ ਅੱਜ, ਨਾਮ-ਰੰਗ-ਮਸਤੀਆਂ ਦਾ ਵਰ੍ਹਦਾ ਗੁਲਾਲ ਹੈ।
ਵਚਿਤ੍ਰ ਚਿਤ੍ਰ ਨਵੇਂ ਨਜ਼ਰ ਆਉਂਦੇ ਪੁਸ਼ਾਕਿਆਂ ਤੇ, ਉਡਦਾ ਗੁਲਾਲ ਕਿਆ ਵਾਹ-ਵਾ ਕਮਾਲ ਹੈ।
ਸਿੰਘਾਂ ਦਿਆਂ ਚੇਹਰਿਆਂ ਤੇ ਖੇੜਾ ਪਿਆ ਖੇਡਦਾ ਏ, ਵੇਖ ਵੇਖ ਹੁੰਦਾ ਹਰ ਹਿਰਦਾ ਨਿਹਾਲ ਹੈ।
ਗੂੰਜਦਾ ਆਕਾਸ਼ ਹੈ ਜੈਕਾਰਿਆਂ ਦੇ ਨਾਲ 'ਮਿੱਤਰ', ਜ਼ੱਰਾ ਜ਼ੱਰਾ ਬੋਲੇ ਅਜ 'ਸਤਿ ਸ੍ਰੀ ਅਕਾਲ ਹੈ' ॥੨॥
ਗੁਰਸਿਖਾ! ਉਠ ਹੋ ਤਿਆਰ, ਕਰ ਕੰਮਰਕਸੇ, ਪਾ ਕੇ ਵਹੀਰ ਅਗੇ ਕਦਮ ਵਧਾਈਏ ਚਲ।
ਲੰਘੇ ਜਿਥੇ ਜਿਥੇ ਪਾਵਨ ਚਰਨ ਕਲਗੀ ਵਾਲੜੇ ਦੇ, ਚੁੰਮ ਚੁੰਮ ਖ਼ਾਕ ਮੱਥੇ ਉਤੇ ਲਾਂਦੇ ਜਾਈਏ ਚਲ।
ਹੋ ਰਿਹੈ ਇਕੱਠ ਅਜ ਪਵਿਤ੍ਰ ਹੋਈ ਧਰਤ ਉਤੇ, ਦੀਦਾਰ ਪੰਥ ਖ਼ਾਲਸੇ ਦਾ ਸੋਹਣਾ ਰਜ ਪਾਈਏ ਚਲ।
ਰਿਦੇ ਲੈ ਉਮਾਹ ਉਤਸ਼ਾਹ ਸੰਗਤਾਂ ਆਉਣਾ ਏ, ਹੋ ਸਕੇ ਤਾਂ ਕਾਰ-ਸੇਵਾ ਹਥੀਂ ਕੁਝ ਕਮਾਈਏ ਚਲ।
ਅੰਮ੍ਰਿਤ ਦੀ ਦਾਤ ਦੇ ਕੇ ਨੀਚਹੁ ਊਚ ਕਰਨ ਵਾਲੇ, ਸੋਢੀ ਸੁਲਤਾਨ ਦਾ ਅਸਥਾਨ ਪਰਸ ਆਈਏ ਚਲ।
ਦਿਸੇਗਾ ਉਹ ਆਪ ਸੋਹਣਾ ਪੰਥ ਰੂਪ ਵਿਚ 'ਮਿੱਤਰ', ਯਾਰੜੇ ਦਾ ਹੋਲੜਾ ਆਨੰਦਪੁਰ ਮਨਾਈਏ ਚਲ ॥੩॥

---

## ਗਲੀ ਤੇਰੀ ਦਾ ਮਾਂਗਤ ਹੋਣਾ, ਦੋ ਲੋਕਾਂ ਦੀ ਸ਼ਾਹੀ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗਜ਼ਲ ਦਾ ਪੰਜਾਬੀ ਅਨੁਵਾਦ]

ਗਲੀ ਤੇਰੀ ਦੇ ਫ਼ੱਕਰ ਅਨੋਖੇ, ਮੰਗਣ ਮੂਲ ਨਾ ਸ਼ਾਹੀ।
ਰਾਜ ਤਾਜ ਦੀ ਤਾਂਘ ਨ ਰਖਣ, ਇਸ਼ਕ-ਗਲੀ ਦੇ ਰਾਹੀ ॥੧॥

ਜਿਸ ਨੇ ਦਿਲ ਦੀ ਜਿੱਤ ਲਈ ਦਿੱਲੀ, ਉਹ ਰਾਜਾ ਸਦਵਾਇਆ।
ਕੈਦ ਕੀਤਾ ਜਿਸ ਦਿਲ ਵਿਚ ਤੈਨੂੰ, ਉਹ ਸੂਰਾ ਜਗ-ਭਾਇਆ॥੨॥

ਗਲੀ ਤੇਰੀ ਦਾ ਮਾਂਗਤ ਹੋਣਾ, ਦੋ ਲੋਕਾਂ ਦੀ ਸ਼ਾਹੀ।
ਹੁਸਨ ਤੇਰੀ ਦਾ ਕੈਦੀ ਭੁੱਲ ਕੇ, ਮੰਗਦਾ ਨਹੀਂ ਰਿਹਾਈ ॥੩॥

ਕਿਹੜੀ ਅੱਖ ਵਿਚ ਨੂਰ ਤੇਰੇ ਦਾ, ਸੁਰਮਾ ਪਿਆ ਨਾ ਮਾਹੀ ?
ਕਿਹੜਾ ਸੀਨਾ ਨਹੀਂ ਖ਼ਜ਼ਾਨਾ, ਤੇਰਾ ਯਾਰ ਇਲਾਹੀ ?॥੪॥

'ਗੋਇਆ' ਸਦਕੇ ਹੋ ਜਾ ਉਸ ਤੋਂ, ਛੱਡ ਕੇ ਪੱਜ ਬਹਾਨਾ।
ਕਿਉਂਕਿ ਰਾਹ-ਇਸ਼ਕ ਵਿਚ ਏਦਾਂ, ਪੁੱਗਦਾ ਨਹੀਂ ਯਰਾਨਾ ॥੫॥

[ਸ: ਵਿਧਾਤਾ ਸਿੰਘ ਜੀ 'ਤੀਰ'



www.AKJ.Org

# ਆਪਨੜੇਗਿਰੀਵਾਨਮਹਿਸਿਰੁਨੀਂਵਾਂਕਰਿਦੇਖ

॥੬॥ ਸਲੋਕ ਫਰੀਦ ਜੀ. ਪੰਨਾ ੧੩੭੮

[ਵਲੋਂ :—ਭਾਈ ਰਾਮ ਸਿੰਘ ਜੀ, ਅੰਮ੍ਰਿਤਸਰ]

ਜੇ ਅਸੀਂ ਕੁਝ ਮਿੰਟਾਂ ਲਈ ਆਪਣਾ ਧਿਆਨ ਸਿਖ ਇਤਿਹਾਸ ਵੱਲ ਲੈ ਜਾਣ ਦੀ ਖੇਚਲ ਕਰੀਏ ਤਾਂ ਅਸੀਂ ਦੇਖਾਂਗੇ ਕਿ ਕਲਗੀਧਰ ਪਾਤਸ਼ਾਹ ਜੀ ਨੇ ਕੇਵਲ **ਇਕ ਖ਼ਾਲਸਾ** ਪੰਥ ਦੀ ਸਾਜਨਾ ਕੀਤੀ। ਅਤੇ ਇਸ ਖ਼ਾਲਸੇ ਨੂੰ ਆਪਣਾ **ਖ਼ਾਸ ਰੂਪ** ਦੱਸਿਆ। ਇਸ ਖ਼ਾਲਸੇ ਨੂੰ ਆਪਣਾ ਨਿਵਾਸ-ਅਸਥਾਨ ਆਖਿਆ। ਇਸ ਖ਼ਾਲਸੇ ਨੂੰ ਆਪਣਾ ਸਖਾ ਮਿੱਤਰ ਕਿਹਾ। ਇਸ ਖ਼ਾਲਸੇ ਨੂੰ ਆਪਣਾ ਮਾਤ, ਪਿਤਾ, ਜਾਤ, ਪਤ, ਮੁਖ ਅਤੇ ਆਪਣੇ ਸਰੀਰਕ ਅੰਗ ਆਖਿਆ। ਇਸ ਖ਼ਾਲਸੇ ਨੂੰ ਆਪਣੀ ਜਿੰਦ ਜਾਨ, ਦੇਹ ਅਤੇ ਸਵਾਸ ਆਖਿਆ। ਆਖਰ ਦੀ ਗੱਲ ਸਾਹਿਬਾਂ ਨੇ ਇਹ ਕਰ ਦਿਤੀ ਕਿ ਇਸ ਖ਼ਾਲਸੇ ਨੂੰ ਆਪਣਾ ਪੂਰਾ ਸਤਿਗੁਰ ਕਹਿ ਦਿੱਤਾ। ਸਿਰਫ ਇਤਨਾ ਕਹਿਣ ਨੂੰ ਹੀ ਕਾਫ਼ੀ ਨਹੀਂ ਸਮਝਿਆ, ਇਸ (ਉਪਰ ਦਿਤੇ ਗਏ ਬਿਆਨ) ਦੀ ਤਸਦੀਕ ਗੁਰੂ ਨਾਨਕ ਸਾਹਿਬ ਅਤੇ ਰੱਬ ਪਾਸੋਂ, ਉਨ੍ਹਾਂ ਨੂੰ ਗਵਾਹ ਪੇਸ਼ ਕਰ ਕੇ, ਕਰਵਾ ਦਿੱਤੀ। ਵਾਹਿਗੁਰੂ! ਮੁਕਦੀ ਗੱਲ—ਖ਼ਾਲਸੇ ਨੂੰ ਰੱਬ ਬਣਾ ਦਿਤਾ। ਹੁਣ ਪਿੱਛੇ ਹੋਰ ਕੀ ਰਹਿ ਗਿਆ!

ਅੰਮ੍ਰਿਤਧਾਰੀ ਗੁਰਸਿਖਾਂ ਦੀ ਸਮੂਹ ਗਿਣਤੀ ਨੂੰ ਪੂਰੇ ਸਤਿਗੁਰੂ ਨੇ **ਖ਼ਾਲਸਾ** ਪਦ ਨਾਲ ਸੰਬੋਧਨ ਕੀਤਾ। ਖ਼ਾਲਸਾ ਜੀ ਨੂੰ ਗੁਰਸਿਖੀ ਮਾਰਗ ਉੱਤੇ ਚਟਾਨ ਦੀ ਤਰ੍ਹਾਂ ਖੜੇ ਰਹਿਣ ਵਾਸਤੇ, ਮਨਮਤਿ ਅਤੇ ਕੂੜਾਵੀ ਚਤੁਰਾਈ ਤੋਂ ਬਚਾਈ ਰੱਖਣ ਵਾਸਤੇ. ਤਥਾ ਕੇਵਲ ਗੁਰਬਾਣੀ ਦੇ ਚਾਨਣ ਵਿਚ (ਗੁਰਬਾਣੀ ਇਸੁਜਗਮਹਿਚਾਨਣੁ) ਆਪਣਾ ਜੀਵਨ ਗੁਜ਼ਾਰਨ ਵਾਸਤੇ ਸਾਹਿਬਾਂ ਨੇ ਸਾਡੇ ਲਈ ਕੁਝ ਕੰਨ-ਖਿਚਵੇਂ ਸ਼ਬਦ ਭੀ ਕਹੇ। ਉਹ ਸ਼ਬਦ ਸਾਨੂੰ ਹਰ ਘੜੀ ਯਾਦ ਰਹਿਣੇ ਜ਼ਰੂਰੀ ਹਨ। ਉਹ ਸ਼ਬਦ ਇਹ ਹਨ :—

"ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਇਹ ਗਹੇ ਬਿਪਰਨ ਕੀ ਰੀਤ।
ਮੈਂ ਨਾ ਕਰੋਂ ਇਨ ਕੀ ਪ੍ਰਤੀਤ।"

ਸਾਡਾ, **ਖ਼ਾਲਸਾ** ਹੋਣਾ ਜਾ ਨਾ ਹੋਣਾ, ਬੇਗਮਪੁਰੇ ਦੇ ਵਾਸੀ ਹੋਣਾ ਜਾਂ ਨਰਕ-ਨਿਵਾਸੀ ਹੋਣਾ, ਉਪਰੋਕਤ ਸ੍ਰੀ ਮੁਖ-ਵਾਕ ਵਿਚ ਲੁਪਤ ਹੈ।

ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਦਸਮੇਸ਼ ਪਿਤਾ ਜੀ ਦੱਖਨ ਵਲ ਚਲੇ ਗਏ। ਓਥੇ ਜਾ ਕੇ ਬੰਦਾ ਬਹਾਦਰ ਸਿੰਘ ਜੀ ਨੂੰ ਜਥੇਦਾਰ ਬਣਾ ਕੇ, ਕੁਝ ਸਿੰਘ ਨਾਲ ਦੇ ਕੇ ਅਤੇ ਲਿਖਤੀ ਹੁਕਮਨਾਮੇ ਬਖ਼ਸ਼ ਕੇ ਦਿਲੀ ਵੱਲ ਜ਼ੁਲਮ ਦੇ ਟਾਕਰੇ ਲਈ ਰਵਾਨਾ ਕੀਤਾ। ਇਨ੍ਹਾਂ ਪਿਆਰਿਆਂ ਨੇ ਜ਼ਾਲਮਾਂ ਨੂੰ ਖ਼ੂਬ ਧਰ ਕੇ ਸੋਧਿਆ। ਸਿੰਘਾਂ ਦੀ (ਅਤੇ ਖ਼ਾਸ ਕਰ ਬੰਦਾ ਬਹਾਦਰ ਸਿੰਘ ਦੀ) ਖ਼ੂਬ ਚੜ੍ਹ ਮੱਚੀ ਅਤੇ ਜੈ ਜੈ ਹੋਈ। ਏਸੇ ਦੌਰਾਨ ਵਿਚ ਹੀ ਕਲਗੀਧਰ ਪਿਤਾ ਜੀ ਸ੍ਰੀ ਗੁਰੂ ਗ੍ਰੰਥਿ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਸਦੀਵੀ ਗੁਰ-ਗੱਦੀ ਬਖਸ਼ ਕੇ ਜੋਤੀ ਜੋਤਿ ਸਮਾ ਗਏ।

ਬੰਦਾ ਬਹਾਦਰ ਸਿੰਘ ਦੇ ਸਮੇਂ ਹੀ ਮਨੁਖੀ ਚਤੁਰਾਈ ਅਤੇ ਹਉਮੈ ਦੀ ਹੋਂਦ ਨੇ ਸਿਰ ਚੁੱਕ ਲਿਆ ਅਤੇ ਕੁਝ ਮਤ-ਭੇਦ ਪੈਦਾ ਹੋ ਜਾਣ ਦੇ ਕਾਰਨ ਪੈਂਦੀ ਸੱਟੇ ਹੀ **ਇਕ ਖ਼ਾਲਸੇ** ਦੇ ਦੋ ਖ਼ਾਲਸੇ ਹੋ ਗਏ—ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ। ਖ਼ਾਲਸੇ ਨੂੰ ਕਾਰੀ ਸੱਟ ਲਗ ਗਈ ਅਤੇ ਇਸ ਸੱਟ ਦੀ ਦਰਦ ਵਧਦੀ ਗਈ। ਜਿਉਂ ਜਿਉਂ ਸਮਾਂ ਬੀਤਦਾ ਗਿਆ ਅਤੇ ਮਨੁਖੀ ਚਤੁਰਾਈ ਤੇ ਆਪ-ਹੁਦਰਤਾ ਦੇ ਕਾਰਨ ਮਤ-ਭੇਦ ਹੋਰ ਵਧਦੇ ਗਏ, ਇਨ੍ਹਾਂ ਦੋ ਜਥਿਆਂ ਵਿਚੋਂ ਕਈ ਹੋਰ ਜਥੇ ਬਣ ਗਏ। ਅਜੋਕੇ ਸਮੇਂ ਵਿਚ ਤਾਂ ਧਰਤੀ ਮਾਤਾ ਉਤੇ ਇਤਨੇ ਜਥੇ ਵਿਚਰ ਰਹੇ ਹਨ ਕਿ ਗਿਣੇ ਹੀ ਨਹੀਂ ਜਾਂਦੇ। ਹਰ ਇਕ ਜਥਾ ਆਪਣੇ ਆਪ ਨੂੰ ਤੱਤ ਖ਼ਾਲਸਾ ਹੋਣ ਦਾ ਹੀ ਦਾਅਵਾ ਕਰਦਾ ਹੈ ਅਤੇ ਬਾਕੀਆਂ ਨੂੰ ਐਵੇਂ ਕਿਵੇਂ ਹੀ ਸਮਝਦਾ ਹੈ। ਹੋਰਨਾਂ ਦੀ ਤਾਂ ਗੱਲ ਛੱਡੋ, ਨਿਰਬਾਣ ਕੀਰਤਨੀ



www.AKJ.Org

ਜਥੇ ਵਿਚ ਹੀ ਛੋਟੇ ਛੋਟੇ ਮਤ-ਭੇਦ ਪੈਦਾ ਹੋ ਜਾਣ ਕਰਕੇ, ਕੋਈ ਭਾਗਾਂ ਵਾਲਾ ਸ਼ਹਿਰ ਹੀ ਹੋਏਗਾ ਜਿਥੇ ਸਾਰੇ ਦੇ ਸਾਰੇ ਗੁਰਸਿਖ ਪਰਵਾਰ ਨਾਮ ਬਾਣੀ ਦੀ ਸਾਂਝਤਾ ਨੂੰ ਮੁਖ ਰਖਦੇ ਹੋਏ, ਹਮ-ਖ਼ਿਆਲ ਅਤੇ ਇਕ-ਜਾਨ ਨਜ਼ਰ ਆਉਂਦੇ ਹੋਣਗੇ। ਆਮ ਦੇਖਣ ਵਿਚ ਅਤੇ ਸੁਣਨ ਵਿਚ ਇਹੋ ਆਉਂਦਾ ਹੈ ਕਿ ਖ਼ਿਆਲਾਤ ਵਿਚ ਫ਼ਰਕ ਆ ਜਾਣ ਦੇ ਕਾਰਨ ਵੱਖ ਵੱਖ ਕੀਰਤਨੀ ਜਥੇ ਬਣ ਕੇ ਵਖ ਵਖ ਸਮਾਗਮ ਰਚਦੇ ਹਨ ਅਤੇ ਇਕ ਦੂਸਰੇ ਜਥੇ ਦੀ ਖੁੱਲ੍ਹ ਮਖੁੱਲ੍ਹਾ ਟੀਕਾ ਟਿਪਣੀ ਕਰਦੇ ਹਨ। ਸਾਰੇ ਦੇ ਸਾਰੇ ਇਕ ਜਗ੍ਹਾ "**ਹੋਇਇਕਤ੍ਰਮਿਲਹੁਮੇਰੇਭਾਈ**" ਦੇ ਪੈਰੋਕਾਰ ਨਹੀਂ ਹਨ, ਵੱਖ ਵੱਖ ਟੋਲਿਆਂ ਵਿਚ ਇਕੱਤ੍ਰ ਹੋਂਦੇ ਹਨ।

ਐਸੀ ਤਰਸ-ਯੋਗ ਦਸ਼ਾ ਵਿਚ ਕਿਹੜੇ ਜਥੇ ਜਾਂ ਟੋਲੇ ਦੇ ਸਿੱਖ ਆਪਣੇ ਆਪ ਨੂੰ ਦਸਮੇਸ਼ ਪਿਤਾ ਜੀ ਦਾ ਦਰਸਾਇਆ ਹੋਇਆ "**ਖ਼ਾਲਸਾ ਮੇਰੋ ਰੂਪ ਹੈ ਖ਼ਾਸ**" ਹੋਣ ਦਾ ਦਾਅਵਾ ਕਰ ਸਕਦੇ ਹਨ? ਇਕ ਗੱਲ ਤਾਂ ਬਹੁਤ ਹੀ ਪੱਕੀ ਹੈ ਅਤੇ ਪੱਥਰ ਉੱਤੇ ਲੀਕ ਹੈ। ਉਹ ਇਹ, ਕਿ **ਖ਼ਾਸ ਰੂਪ** ਕੇਵਲ ਇਕ ਰੂਪ ਹੀ ਹੋ ਸਕਦਾ ਹੈ, ਬਹੁਤੇ ਰੂਪ ਹਰਗਿਜ਼ ਨਹੀਂ ਹੋ ਸਕਦਾ। ਹਰ ਇਕ ਟੋਲਾ ਜਾਂ ਜੱਥਾ "ਖ਼ਾਲਸਾ ਮੇਰੋ ਰੂਪ ਹੈ ਖ਼ਾਸ" ਨਹੀਂ ਹੋ ਸਕਦਾ। ਤਾਂ ਫਿਰ "ਖ਼ਾਸ ਰੂਪ" ਵਾਲਾ ਖ਼ਾਲਸਾ ਕਿੱਥੇ ਹੋਇਆ? ਇਸ ਨੂੰ ਤਾਂ ਟੋਲਣਾ ਹੀ ਪਵੇਗਾ। ਅਤੇ ਟੋਲਣਾ ਭੀ ਉਸੇ ਨੂੰ ਪੁਛ ਕੇ ਹੈ ਜਿਸ ਨੇ ਇਸ ਨੂੰ ਸਾਜਿਆ ਹੈ। ਇਹ ਵੀ ਗੱਲ ਪੱਕੀ ਹੈ ਕਿ ਖ਼ਾਲਸਾ ਬਹੁ ਰੂਪੀ ਨਹੀਂ ਹੋ ਸਕਦਾ। ਹੋਇਗਾ ਤਾਂ ਇੱਕ ਰੂਪ ਹੀ।

ਪ੍ਰਭੂ ਦੇ ਬੇਅੰਤ ਰੂਪ ਹਨ "**ਅਨੰਤਰੂਪਤੇਰੇ-ਨਾਰਾਇਣਾ**"। ਪਰ ਜਿਸ ਸੁਭਾਗੀ ਰੂਪ ਵਿਚ ਦਸਮੇਸ਼ ਪਿਤਾ ਜੀ, ਬੀਰ-ਰਸੀਏ, ਸ਼ਸਤਰਧਾਰੀ, ਪਰਉਪਕਾਰੀ, ਨਾਮ ਦੇ ਦਾਤੇ, ਨਿਰਭੈ ਯੋਧਾ ਜੀ ਵਿਚਰਦੇ ਰਹੇ ਹਨ ਉਹ ਪ੍ਰਭੂ ਦਾ ਇਕ **ਖ਼ਾਸ ਰੂਪ** ਹੈ ਜਿਹੜਾ ਰੂਪ ਉਨ੍ਹਾਂ ਨੇ ਖ਼ਾਲਸਾ ਜੀ ਨੂੰ (ਅੰਮ੍ਰਿਤ-ਧਾਰੀ ਗੁਰਸਿਖਾਂ ਨੂੰ) ਬਖ਼ਸ਼ਿਆ। ਅਤੇ ਨਾਮ ਅਭਿਆਸੀ, ਪਰਉਪਕਾਰੀ ਇੱਕ-ਮੁਠ ਅਤੇ ਇਕ-ਜਾਨ ਸੂਰਬੀਰਾਂ ਦਾ ਦਲ ਖੜਾ ਕਰ ਕੇ ਇਸ ਨੂੰ ਆਪਣਾ **ਖ਼ਾਸ ਰੂਪ** ਆਖਿਆ। ਤਾਂ ਤੇ ਕੇਵਲ ਅੰਮ੍ਰਿਤਧਾਰੀ, ਰਹਿਤ ਬਹਿਤ ਪੂਰੇ ਸ਼ਸਤਰਧਾਰੀ, ਪਰਉਪਕਾਰੀ, ਧਰਮ-ਕਿਰਤੀ, ਵੰਡ ਛਕਣ ਵਾਲੇ, ਗੁਰਮਤਿ ਦਰਸਾਈ ਜੀਵਨੀ ਵਾਲੇ, ਨਾਮ-ਅਭਿਆਸੀ ਗੁਰਸਿਖ ਹੀ ਖ਼ਾਲਸਾ ਸਦਾਉਣ ਦੇ ਹੱਕਦਾਰ ਹੋ ਸਕਦੇ ਹਨ।

ਆਓ, ਗੁਰਬਾਣੀ ਦੇ ਚਾਨਣ ਵਿਚ ਇਨ੍ਹਾਂ ਗੁਰਸਿਖਾਂ (ਖ਼ਾਲਸਾ ਜੀ) ਨੂੰ ਲਭਣ ਦੀ ਕੋਸ਼ਿਸ਼ ਕਰੀਏ।

"ਗੁਰਸਤਿਗੁਰਕਾਜੋਸਿਖੁਅਖਾਏਸੁਭਲਕੇਉਠਿ ਹਰਿਨਾਮੁਧਿਆਵੈ॥ ਉਦਮੁਕਰੇਭਲਕੇਪਰਭਾਤੀ ਇਸਨਾਨੁਕਰੇਅੰਮ੍ਰਿਤਸਰਿਨਾਵੈ ॥ ਉਪਦੇਸਿ ਗੁਰੂਹਰਿਹਰਿਜਪੁਜਾਪੈਸਭਿਕਿਲਵਿਖਪਾਪਦੋਖ ਲਹਿਜਾਵੈ ॥ ਫਿਰਿਚੜੈਦਿਵਸੁਗੁਰਬਾਣੀਗਾਵੈ ਬਹਦਿਆਉਠਦਿਆਹਰਿਨਾਮੁਧਿਆਵੈ ॥ ਜੋ ਸਾਸਿਗਿਰਾਸਿਧਿਆਏਮੇਰਾਹਰਿਹਰਿਸੋਗੁਰਸਿਖੁ ਗੁਰੂਮਨਿਭਾਵੈ ॥ ਜਿਸਨੋਦਇਆਲੁਹੋਵੈਮੇਰਾ ਸੁਆਮੀਤਿਸੁਗੁਰਸਿਖਗੁਰੂਉਪਦੇਸੁਸੁਣਾਵੈ ॥ ਜਨੁਨਾਨਕੁਧੂੜਿਮੰਗੈਤਿਸੁਗੁਰਸਿਖਕੀਜੋਆਪਿ ਜਪੈਅਵਰਹਨਾਮੁਜਪਾਵੈ ॥"

ਉਪਰੋਕਤ ਸ੍ਰੀ ਮੁਖਵਾਕ ਵਿਚ ਸਾਹਿਬਾਂ ਨੇ ਸਾਫ਼ ਦੱਸ ਦਿਤਾ ਹੈ ਕਿ ਖ਼ਾਲਸਾ ਕਿਵੇਂ ਸਜਦਾ ਹੈ, ਅਤੇ ਉਸ ਦੀ ਰੋਜ਼ਾਨਾ ਜੀਵਨੀ ਕੈਸੀ ਹੈ। ਇਹ ਹੈ ਖਾਲਸਾ ਜੀ ਨੂੰ ਪਹਿਚਾਨਣ ਦੀ **ਪਹਿਲੀ ਨਿਸ਼ਾਨੀ**।

ਗੁਰਸਿਖ ਸਦਾਉਣ ਦਾ ਹੱਕ ਰੱਖਣ ਵਾਲੇ (ਖ਼ਾਲਸਾ) ਗੁਰੂ ਕੇ ਹੀਰੇ ਲਾਲ, ਨਾਮ ਬਾਣੀ ਦੇ ਰਸੀਏ, ਮਾਇਆ ਤੋਂ ਨਿਰਲੇਪ, ਗੁਰਸਿਖਾਂ ਵਿਚ ਵਿਚਰਦੇ ਹੋਏ, ਊਚ-ਨੀਚ ਦਾ, ਅਮੀਰ-ਗਰੀਬ ਦਾ, ਮਾੜੇ-ਤਕੜੇ ਦਾ, ਪੜ੍ਹੇ-ਅਨਪੜ੍ਹੇ ਦਾ ਜਾਂ ਵਡੇ-ਛੋਟੇ ਦਾ ਖ਼ਿਆਲ ਨਹੀਂ ਰੱਖਦੇ ਅਤੇ ਸਭ ਨਾਲ ਇਕਸਾਰ ਪਿਆਰ ਕਰਦੇ ਹਨ। "**ਗੁਰਸਿਖਾਇਕੋਪਿਆਰੁ ਗੁਰਮਿਤਾਪੁਤਾਭਾਈਆ** ॥"



www.AKJ.Org

"ਵਾਹਵਾ ਸਚੇ ਪਾਤਸ਼ਾਹ ਜੀ, ਖ਼ੂਬ ਕਿਹਾ ਜੇ! ਇਹ ਹੈ ਖਾਲਸਾ ਜੀ ਦੀ **ਦੂਸਰੀ ਨਿਸ਼ਾਨੀ**। ਗੁਰਸਿਖਾਂ ਵਿੱਚ ਆਪਸ ਵਿਚ "ਫ਼ਰਕ ਫ਼ਰਕ ਪਿਆਰ" ਪਰਵਾਨ ਨਹੀਂ ਹੈ। ਸਤ੍ਰਿਗੁਰਾਂ ਨੇ ਆਪਣੇ ਖ਼ਾਲਸੇ ਨੂੰ **ਇਕੋ ਪਿਆਰੁ** (ਗੁਰ-ਮਿਤਾਂ, ਗੁਰ-ਪੁਤਾਂ, ਅਤੇ ਗੁਰ-ਭਾਈਆਂ ਵਾਲਾ ਇਕੋ ਪਿਆਰ) ਹੀ ਦਰਸਾਇਆ ਹੈ। "ਇਕੋ ਪਿਆਰੁ" ਕੇਵਲ ਨਾਮ-ਬਾਣੀ ਤੋਂ ਹੀ ਉਪਜਦਾ ਹੈ। ਇਹ ਪਿਆਰੁ ਨਾਮ ਦਾ ਪਿਆਰ ਹੈ, ਗੁਰਬਾਣੀ ਦਾ ਪਿਆਰ ਹੈ, ਸਤਿਗੁਰਾਂ ਨਾਲ ਪਿਆਰ ਹੈ ਅਤੇ ਇਹ ਰੱਬ ਨਾਲ ਪਿਆਰ ਹੈ। ਇਹ ਸੰਸਾਰਕ ਕੂੜਾਵੀ ਪਦਾਰਥੀ ਜਾਂ ਮਤਲਬੀ ਪਿਆਰ ਨਹੀਂ ਹੈ। ਇਹ ਸੱਚਾ ਸੁੱਚਾ ਪਿਆਰ ਦੁਖਾਂ ਸੁਖਾਂ ਵਿਚ,ਅਮੀਰੀ ਗਰੀਬੀ ਵਿਚ ਇਕ-ਸਾਰ ਰਹਿੰਦਾ ਹੈ। ਇਸ ਇਕੋ ਪਿਆਰ ਦੇ ਨਿਸ਼ਾਨੇ ਵਾਲੇ ਗੁਰਸਿਖ ਆਪਸ ਵਿਚ ਇਕ-ਜਾਨ ਰਹਿੰਦੇ ਹਨ ਅਤੇ ਇਕ ਦੂਜੇ ਨੂੰ ਦੇਖ ਦੇਖ ਜੀਊਂਦੇ ਹਨ। ਇਕ ਦੂਜੇ ਦੇ ਦਰਸ਼ਨ ਕਰ ਕੇ ਖ਼ੁਸੀ ਵਿਚ ਗਦ ਗਦ ਹੋ ਜਾਂਦੇ ਹਨ। ਇਕ ਦੂਜੇ ਨੂੰ ਵਾਜਾਂ ਮਾਰ ਮਾਰ ਕੇ ਮਿਲਦੇ ਹਨ। ਯਥਾ—

ਆਇਮਿਲੁਗੁਰਸਿਖਆਇਮਿਲੁ..........
ਆਓਹਮਾਰੈਰਾਮਪਿਆਰੇਜੀਉ...... ......
ਆਉਜੀਤੂਆਓਹਮਾਰੈ......
ਆਓਸੰਤਮੇਗਲਿਮੇਲਾਈਐ......

ਗੁਰਸਿਖ ਐਸੀਆਂ ਮਿਲਣੀਆਂ ਕਿਉਂ ਲੋਚਦੇ ਹਨ? ਕਿਉਂ ਸਿੰਘਾਂ ਨੂੰ ਮਿਲਣ ਦੀਆਂ ਤਾਂਘਾਂ ਰਖਦੇ ਹਨ? ਕੇਵਲ ਆਪਣੇ ਸਰਬ-ਕਲਾ-ਸਮਰਥ ਪ੍ਰੀਤਮ ਜੀ ਦੀਆਂ, ਆਪਣੇ ਪਿਆਰੇ ਕੰਤ ਜੀ ਦੀਆਂ ਨਾਮ-ਸਾਲਾਹੁਣੀਆਂ, ਬਾਣੀ ਦੁਆਰਾ ਕਥਾ ਕਹਾ-ਣੀਆਂ ਕਰਨ ਸੁਣਨ ਲਈ। "ਮਿਲਕੈਕਰਹਿਕਹਾ-ਣੀਆਸਮਰਥਕੰਤਕੀਆਂ"। ਇਹ ਹੈ ਖ਼ਾਲਸਾ ਜੀ ਦੀ **ਤੀਸਰੀ ਨਿਸ਼ਾਨੀ** ਕਿ ਉਹ ਆਪਣੇ ਸਮਰਥ ਕੰਤ ਦੀਆਂ ਕਹਾਣੀਆਂ (ਨਾਮ ਬਾਣੀ, ਕੀਰਤਨ ਦੁਆਰਾ) ਮਿਲ ਕੇ ਕਰਦੇ ਹਨ, ਅੱਡ ਅੱਡ ਹੋ ਕੇ ਨਹੀਂ। ਹੁਕਮ ਜੂ ਦਾਤੇ ਦਾ ਐਸਾ ਹੋਇਆ। ਹੁਕਮ ਮੰਨਣ ਨਾਲ ਹੀ ਪਰਵਾਨ ਪਈਦਾ ਹੈ। ਨਹੀਂ ਤਾਂ ਉਹ ਸਾਡੀ ਪਰਤੀਤ ਨਹੀਂ ਕਰਦਾ। **ਇਕੋ ਪਿਆਰੁ** ਹੀ ਐਸਾ ਮਿਲ ਕੇ ਬੈਠਣਾ ਸਿਖਾਉਂਦਾ ਹੈ।

ਹੋਰ ਦੇਖੋ—"ਹਕੁਪਰਾਇਆਨਾਨਕਾਉਸੁ ਸੂਅਰੁਉਸੁਗਾਇ ॥ ਗੁਰੁਪੀਰੁਹਾਮਾਤਾਭਰੇਜਾ ਮੁਰਦਾਰੁਨਖਾਇ......ਘਾਲਿਖਾਇਕਿਛੁਹਥਹੁ ਦੇਹਿ॥ ਨਾਨਕਰਾਹੁਪਛਾਣਹਿਸੇਇ"।

ਗੁਰੂ ਦੇ ਸਿਖ ਧਰਮ ਦੀ ਕਿਰਤ ਵਿਰਤ ਕਰ ਕੇ ਖਾਂਦੇ ਹਨ ਅਤੇ ਇਸ ਵਿੱਚੋਂ ਕੁਝ ਹਿਸਾ ਪਰਉਪਕਾਰ ਅਤੇ ਗੁਰਸਿਖਾਂ ਦੀ ਸੇਵਾ ਹਿਤ ਕੱਢਦੇ ਹਨ। ਉਹ ਕਿਸੇ ਦੀ ਕਮਾਈ ਨਹੀਂ ਖਾਂਦੇ। ਕਿਸੇ ਦੀ ਦੌਲਤ ਜਾਂ ਧਨ ਨੂੰ ਚੋਰੀ ਜਾਂ ਸਾਧੀ, ਜਾਂ ਹੇਰਾ ਫੇਰੀ ਨਾਲ, ਜਾਂ ਆਪਣੀ ਚਤੁਰਾਈ ਦੇ ਤਾਣ ਕਿਸੇ ਹੋਰ ਢੰਗ ਨਾਲ ਨਹੀਂ ਵਰਤਦੇ। ਕਿਉਂਕਿ ਪਰਾਏ ਹੱਕ ਨੂੰ ਸਤਿਗੁਰਾਂ ਨੇ ਮੁਰਦਾਰ ਦੀ ਤੁਲਨਾ ਦਿੱਤੀ ਹੈ। ਇਹ ਹੈ ਖ਼ਾਲਸੇ ਦੀ **ਚੌਥੀ ਨਿਸ਼ਾਨੀ**। ਕਿਸੇ ਦੀ ਕਮਾਈ ਵਰਤਣ ਨਾਲ ਗੁਰੂ ਨਾਨਕ ਸਾਹਿਬ ਜੀ ਦੇ ਦਰਸਾਏ ਹੋਏ ਰਾਹੁ (ਗੁਰਸਿਖੀ ਰਸਤਾ) ਦੀ ਪਹਿਚਾਣ ਭੁੱਲ ਜਾਂਦੀ (ਅਥਵਾ ਗੁਰਸਿਖੀ ਮਾਰਗ ਛੁੱਟ ਜਾਂਦਾ) ਹੈ। ਇਸ ਮਾਰਗ ਦੀ ਪਹਿਚਾਣ ਆਪਣੀ, ਕੇਵਲ ਆਪਣੀ ਧਰਮ ਦੀ ਕਿਰਤ ਨੂੰ ਵੰਡ ਕੇ ਛਕਣ ਨਾਲ ਹੀ ਰਹਿ ਸਕਦੀ ਹੈ। ਦੂਸਰੇ ਦੀ ਕਮਾਈ ਉਤੇ ਗੁਲਛੱਰੇ ਉਡਾਣ ਵਾਲਾ ਤਾਂ, ਉਪਰ ਦਰਸਾਏ ਸ੍ਰੀ ਮੁਖ-ਵਾਕ ਦੇ ਮੁਤਾਬਕ ਹਰਗਿਜ਼ ਹਰਗਿਜ਼ ਖ਼ਾਲਸਾ ਨਹੀਂ ਕਹਿਲਾ ਸਕਦਾ। ਦੂਸਰੇ ਦੀ ਕਮਾਈ ਖਾਣ ਨਾਲ ਮਨ ਵਿਚ ਤਿਆਗ, ਵੈਰਾਗ ਅਤੇ ਇਕਾਗਰਗਤਾ ਨਹੀਂ ਆ ਸਕਦੀ। ਸਗੋਂ ਮਾਇਆ ਦੀ ਚਮੇੜ (ਲਪੇਟ) ਵਧਦੀ ਹੈ।

"ਲਬੁਵਿਣਾਹੇਮਾਣਸਾਜਿਉਪਾਣੀਬੂਰੁ॥"

ਆਪਣੀ ਘਾਲ ਕਮਾਈ ਨੂੰ (ਭਾਵੇਂ ਥੋੜੀ ਹੋਵੇਂ ਭਾਵੇਂ ਬਹੁਤੀ) ਵੰਡ ਛਕਣਨਾਲ ਹੀ ਮਾਇਆ ਦੀ ਨਿਰਲੇਪਤਾ, ਕੰਤ-ਵਿਛੋੜੇ ਦਾ ਵੈਰਾਗ, ਮਨ ਦੀ ਇਕਾਗਰਤਾ ਆਦਿ ਸੁਭ ਗੁਣ ਨਸੀਬ ਹੋਂਦੇ ਹਨ। ਦੂਜੇ ਦੀ ਮਾਇਆ ਉਤੇ ਹੱਥ ਫੇਰਨ ਨਾਲ ਲਾਲਚ



www.AKJ.Org

ਵਧਦਾ ਹੈ। ਸਾਹਿਬ ਤਾਂ ਕਹਿੰਦੇ ਹਨ—

"ਲਾਲਚੁਛੋਡਹੁਅੰਧਿਹੋਲਾਲਚਿਦੁਖੁਭਾਰੀ॥(੪੧੯)

ਗੁਰ-ਦਰਸਾਈ ਮਰਯਾਦਾ ਵਿਚ ਵਿਚਰਨ ਵਾਲੇ ਸਿਖਾਂ ਬਾਰੇ ਗੁਰੂ ਜੀ ਫ਼ੁਰਮਾਉਂਦੇ ਹਨ—

"ਹਰਿਦਰਗਹਤੇਮੁਖਉਜਲੇਬਹੁਸੋਭਾਪਾਈ॥ਜਨ ਨਾਨਕਮੰਗੈਧੂੜਤਿਨਜੋਗੁਰਕੇਸਿਖਮੇਰੇਭਾਈ॥"

ਇਨ੍ਹਾਂ ਪਿਆਰਿਆਂ ਦੇ ਦਰਸ਼ਨ ਕਰਨ ਵਾਸਤੇ ਸਤਿਗੁਰਾਂ ਨੇ ਸਾਨੂੰ ਇਸ ਤਰ੍ਹਾਂ ਜੋਦੜੀਆਂ ਕਰਨੀਆਂ ਦੱਸੀਆਂ ਹਨ—

"ਜੋਗੁਰਮੁਖਿਨਾਮਧਿਆਇਦੇਤਿਨਦਰਸਨਦੀਜੈ॥ ਹਮਤਿਨਕੇਚਰਣਪਖਾਲਦੇਧੂੜਿਘੋਲਿਘੋਲਿਪੀਜੈ॥"

ਗੁਰਸਿਖਾਂ ਦੇ ਦਰਸ਼ਨ ਕਰਨਹਾਰਿਆਂ ਨੂੰ ਦੇਖੋ ਕੈਸੇ ਸ਼ੁਭਗੁਣਾਂ ਦੇ ਫਲ ਸੁਤੇਸਿਧ ਹੀ ਮਿਲ ਜਾਂਦੇ ਹਨ—

"ਜਪੁਤਪੁਸਤੁਸੰਤੋਖੁਪਿਖਦਰਸਨਗੁਰਸਿਖਹ॥"

ਸਾਡੇ ਵਿਚ ਮਤ-ਭੇਦ ਦਾ ਇਕ ਹੋਰ ਭੀ ਕਾਰਨ ਹੋ ਗਿਆ ਹੈ। ਦਸਮ ਗੁਰੂ ਨਾਨਕ ਸਾਹਿਬ ਜੀ ਨੇ ਆਦਿ ਗ੍ਰੰਥ ਜੀ ਦੇ ਲੜੀਦਾਰ ਸਰੂਪ ਨੂੰ ਮੱਥਾ ਟੇਕ, ਗੁਰ-ਜੋਤਿ ਬਖ਼ਸ਼ ਗੁਰ-ਗੱਦੀ ਉੱਤੇ ਸਸ਼ੋਭਤ ਕਰ ਦਿਤਾ। ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਪੂਰਨਬ੍ਰਹਮਨਿਵਾਸਲੀਓ" ਵਾਲਾ ਵਰਤਾਰਾ ਵਰ-ਤਿਆ। ਸਾਡੇ ਵਿੱਚੋਂ ਕੁਝਕੁ ਗਿਣਤੀ ਨੇ ਗੁਰਸਿਖੀ ਨੂੰ ਹਰ ਪਹਿਲੂ ਤੋਂ ਔਖਾ ਸਮਝ ਕੇ ਇਸ ਨੂੰ ਆਮ ਜਨਤਾ ਲਈ ਸੁਖੱਲਾ ਕਰਨ ਵਾਸਤੇ ਕਈ ਇਕ ਕਦਮ ਚੁੱਕੇ ਹੋਏ ਹਨ, ਜਿਨ੍ਹਾਂ ਵਿੱਚੋਂ ਪਾਵਨ ਸ੍ਰੀ ਗੁਰੂ ਗ੍ਰੰਥ ਜੀ ਦੇ ਲੜੀਦਾਰ ਸਰੂਪ ਦੀ ਪਦ-ਛੇਦਤਾ ਭੀ ਇਕ ਕਦਮ ਹੈ। ਇਸ ਨਾਲ ਕਾਫ਼ੀ ਸਿਖ ਜਨਤਾ ਤਤ ਗੁਰਮਤਿ ਤੋਂ ਖਿਸਕ ਕੇ ਮਨਮਤਿ ਦੇ ਟੇਟੇ ਚੜ੍ਹ ਗਈ ਹੈ ਅਤੇ ਸੁਖੱਲੀ ਸਿੱਖੀ ਕੱਛੇ ਮਾਰੀ ਫਿਰਦੀ ਹੈ। ਆਮਦਨੀ ਦੇ ਨੁਕਤੇ ਤੋਂ ਪਦ-ਛੇੜ ਬੀੜਾਂ ਛਾਪਣ ਵਾਲਿਆਂ ਨੂੰ (ਇਨ੍ਹਾਂ ਸਰੂਪਾਂ ਦੀ ਸੁਖ-ਰਹਿਣੀ ਜਨਤਾ ਵਿਚ ਜ਼ਿਆਦਾ ਮੰਗ ਹੋਣ ਕਰਕੇ) ਖਾਸੀ ਮਾਇਆ ਇਕੱਠੀ ਹੋ ਜਾਂਦੀ ਹੈ। ਇਸ ਨਾਲ **ਤੱਤ ਗੁਰਸਿਖੀ ਮੁਖ ਨਹੀਂ** ਰਹਿੰਦੀ, ਮਾਇਆ ਮੁਖ ਹੋ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਾਲੇ ਗੁਰਮੁਖਿ ਹੀਰੇ ਵੀਰਾਂ ਦੇ ਚਰਨਾਂ ਵਿਚ ਅਤਿ ਨਿਮਰਤਾ ਸਹਿਤ ਬੇਨਤੀ ਹੈ ਕਿ ਉਹ ਪਦ-ਛੇਦਤਾ ਦੇ ਨੁਕਤੇ ਤੋਂ ਸਾਵਧਾਨ ਰਹਿਣ, ਤਾਂ ਜੁ ਪਾਵਨ ਗੁਰੂ (ਨਾਨਕ) ਗ੍ਰੰਥ ਸਾਹਿਬ ਦੀਆਂ ਲੜੀ-ਪ੍ਰੋਤੀਆਂ ਖ਼ੁਸ਼ੀਆਂ ਭਰੇ ਦੀਦਾਰੇ ਹਮੇਸ਼ਾ ਹੀ ਨਸੀਬ ਰਹਿਣ ਅਤੇ ਅਸੀਂ ਸਾਹਿਬਾਂ ਦੇ ਲੜੀਦਾਰ ਸਰੂਪ ਵਿਚ ਹੇਰਾ ਫੇਰੀ ਕਰਨ ਦੇ ਦੋਸ਼ ਤੋਂ ਬਚੇ ਰਹੀਏ। ਜੇ ਐਸਾ ਨਾ ਹੋਇਆ ਤਾਂ ਮਾਈ ਸੇਵਾਂ ਦੇ ਬਾਜ਼ਾਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਚ ਕੇਵਲ ਕਿਲੋਮੀਟਰਾਂ ਦਾ ਹੀ ਫ਼ਰਕ ਰਹਿ ਜਾਏਗਾ। ਗੁਰਬਾਣੀ ਦਾ ਸਭ ਤੋਂ ਵੱਡਾ ਸਤਿਕਾਰ ਅਤੇ ਭੈ-ਭਾਵਨੀ ਇਸ ਗੱਲ ਵਿਚ ਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਧੁਰ-ਧੁਰੰਦਰੀ ਰੱਬ-ਰਜ਼ਾਈ ਮਿਣਿਆ-ਮਿਥਿਆ ਲੜੀਦਾਰ ਸਰੂਪ ਕਾਇਮ ਦਾਇਮ ਰਖਿਆ ਜਾਵੇ।

ਉਪਰ ਦਰਸਾਈ ਖ਼ਾਲਸਾ ਜੀ ਦੀ ਜੀਵਨੀ ਅਤੇ ਦੀਦਾਰੇ ਸਾਡੇ ਸਾਹਮਣੇ ਹੁੰਦਿਆਂ ਹੋਇਆਂ ਸਾਡੇ ਵਿਚ ਇਕ ਦੂਜੇ ਨਾਲ ਮਿਲਵਰਤਣ ਵਿਚ ਫ਼ਰਕ ਕਿਉਂ? ਸਾਡੇ ਵਿਚ ਮਤ-ਭੇਦ ਕਿਉਂ? ਸਤਿਗੁਰਾਂ ਦੇ ਆਪਣੇ ਸਰੀਰਕ ਅੰਗਾਂ ਦਾ ਆਪਸ ਵਿਚਦੀ ਮੂੰਹ ਵਿੰਗਾ ਕਿਉਂ? ਇਹ ਸਭ ਮਤ-ਭੇਦ ਦੂਰ ਹੋ ਸਕਦੇ ਹਨ ਜੇ ਅਸੀਂ ਆਪਣੀ ਚਤੁਰਾਈ ਦਾ ਅੰਧੇਰਾ ਛੱਡ ਕੇ, ਗੁਰਬਾਣੀ ਦੇ ਚਾਨਣ ਵਿਚ ਹੋ ਤੁਰੀਏ। ਜੇ ਖ਼ਾਲਸਾ ਹੈ ਤਾਂ ਇਸ ਵਿਚ ਮਤ-ਭੇਦ ਦੀ ਗੁੰਜਾਇਸ਼ ਹੀ ਨਹੀਂ ਹੈ, ਕਿਉਂਕਿ ਏਥੇ ਤਾਂ "ਗੁਰਸਿਖਾਇਕੋਪਿਆਰੁ..." ਹੈ। ਦੂਜੀ ਗੱਲ ਹੀ ਨਹੀਂ। ਪਰ ਜੇ ਇਸ ਦੇ ਬਾਵਜੂਦ ਭੀ ਅਸੀਂ ਮੁਗਧ ਅਕਲ ਦੇ ਪਿੱਛੇ ਲਗ ਕੇ ਕੁਝ ਗੁਰਸਿਖ ਵੀਰਾਂ ਭੈਣਾਂ ਤੋਂ ਆਪਣੀ ਵਡਿਆਈ ਲਈ, ਜਾਂ ਚੁਧੱਰਮੇ ਲਈ, ਜਾਂ ਕਿਸੇ ਹੋਰ ਕਾਰਨ ਅੱਡਰੇ ਹੋ ਤੁਰੀਏ ਤਾਂ ਅਸੀਂ "ਗੁਰਸਿਖਾਇਕੋਪਿਆਰੁ ਗੁਰਮਿਤਾਪੁਤਾਭਾਈਆ" ਵਾਲੇ ਗੁਰ-ਹੁਕਮ ਦੀ ਉਲੰਘਣਾ ਕਰਨ ਦੇ ਦੋਸ਼ੀ ਹੋਵਾਂਗੇ।

ਸਤਿਗੁਰਾਂ ਨੇ ਸਾਨੂੰ ਗੁਰਮਤਿ ਬਖ਼ਸ਼ ਕੇ, ਗੁਰਬਾਣੀ ਦੇ ਲੜ ਲਾ ਕੇ, ਕਾਗਾਂ ਵਿਚੋਂ ਕੱਢ ਕੇ ਹੰਸ ਬਣਾ ਦਿਤਾ ਹੈ। ਜੇ ਅਸੀਂ (ਬੈਰੂਨੀ) ਹੰਸਲੇ ਰੂਪ ਵਿਚ



www.AKJ.Org

ਵਿਚਰਦੇ ਹੋਏ, ਲੋਕਾਂ ਨੂੰ ਦਰਸ਼ਨੀ ਅੰਮ੍ਰਿਤਧਾਰੀ ਗੁਰਸਿਖ ਨਜ਼ਰ ਆਉਂਦੇ ਹੋਏ (ਗੁਰ-ਹੁਕਮਾਂ ਤੋਂ ਬੇਮੁਖ ਹੋ ਕੇ) ਹੰਸਾਂ ਵਾਲੇ ਕੰਮ ਛੱਡ ਦੇਈਏ ਅਤੇ ਕਾਗਾਂ ਵਾਲੇ ਸੰਭਾਲ ਲਈਏ, ਤਾਂ ਸਾਡੀ ਹਾਲਤ ਇਸ ਸ੍ਰੀ ਮੁਖਵਾਕ ਵਾਲੀ ਹੋ ਜਾਏਗੀ :—

ਸਉਓਲਾਮੇਦਿਨੈਕੇਰਾਤੀਮਿਲਨਿਸਹੰਸ ॥
ਸਿਫਤਿਸਲਾਹਣਛਡਿਕੈਕਰੰਗੀਲਗਾਹੰਸ॥
ਫਿਟੁਇਵੇਹਾ ਜੀਵਿਆ.........."।

ਇਹ ਓਹੋ ਗੱਲ ਹੈ ਕਿ, "ਮੈਂ ਨ ਕਰੋਂ ਇਨ ਕੀ ਪਰਤੀਤ......" ਹੰਸਾਂ ਨੂੰ ਹੰਸਾਂ ਵਾਲੇ ਕੰਮ ਹੀ ਸੋਭਦੇ ਹਨ। ਹੰਸ ਆਪਣੀਆਂ ਡਾਰਾਂ ਨਹੀਂ ਛਡਦੇ। ਹੰਸ "ਸਤਿਗੁਰਕੈਹੁਕਮਾਵੈ..." ਇਕੱਠੇ ਹੋਏ ਹਨ ਅਤੇ ਇਕੱਠੇ ਮਿਲ ਕੇ ਕੀਰਤਨ-ਅਖਾੜੇ (ਸਰਵਰਿ) ਵਿਚੋਂ ਨਾਮੁ ਰੂਪੀ ਹੀਰੇ ਮੋਤੀ ਚੁਗਦੇ ਹਨ ਅਤੇ ਵਿਗਸਦੇ ਹਨ। ਇਹੀ ਸੱਚਾ ਸੁੱਚਾ ਲਾਹਾ ਹੈ, ਜੋ ਗੁਰਸਿਖ ਹੰਸਾਂ ਨੇ ਖੱਟਣਾ ਹੈ।

ਹੁਣ ਆਈ ਵਾਰੀ ਅੰਦਰ ਝਾਤੀ ਮਾਰਨ ਦੀ। ਅਸੀਂ ਉੱਚੀ ਅਵਾਜ਼ ਨਾਲ ਤਾਂ ਇਹ ਪੜ੍ਹੀਏ ਕਿ,

"ਆਇਮਿਲਗੁਰਸਿਖਆਇਮਿਲ... ... ਗੁਰ ਸਿਖਾਂਕੀਹਰਿਧੂੜਿਦੇਹਿ......"

ਇਤਆਦਿ, ਅਤੇ ਮਨ ਵਿਚ ਕੁਝਕੁ ਗੁਰਸਿਖ ਵੀਰਾਂ ਨੂੰ ਕਿਸੇ ਕਾਰਨ ਨਫ਼ਰਤ ਕਰੀਏ ਅਤੇ ਉਨ੍ਹਾਂ ਤੋਂ ਦੂਰ ਦੂਰ ਰਹੀਏ, ਤਾਂ ਐਸੀਆਂ ਤੁਕਾਂ ਦਾ ਪੜ੍ਹਨਾ ਸਾਨੂੰ ਜਚਦਾ ਨਹੀਂ। ਅੱਵਲ ਤਾਂ ਅਸੀਂ ਅਜਿਹੇ ਵੀਰਾਂ ਦੀ ਹਾਜ਼ਰੀ ਵਿਚ ਐਸੀਆਂ ਤੁਕਾਂ ਪੜ੍ਹਨ ਦਾ ਹੀਆ ਹੀ ਨਹੀਂ ਕਰ ਸਕਦੇ। ਪਰ ਜੇ ਭਲਾ ਹਉਮੈ ਦੀ ਢੀਠਾਈ ਦੇ ਤਾਣ ਸ਼ਰਮੋ ਕੁਸ਼ਰਮੀ ਪੜ੍ਹ ਹੀ ਲਈਏ ਤਾਂ ਸਾਡਾ ਹਸ਼ਰ ਓਹੋ ਹੋਏਗਾ ਜਿਹੜਾ ਅਗਲੀ ਤੁਕ ਵਿਚ ਸਾਹਿਬਾਂ ਨੇ ਸਾਡੇ ਜਿਹੇ ਦੁਬਾਜਰਿਆਂ ਦੇ ਨਮਿਤ ਉਚਾਰਨ ਕੀਤਾ ਹੈ :—

**"ਜਿਨਮਨਿਹੋਰੁਮੁਖਿਹੋਰੁਸਿਕਾਂਢੇਕਚਿਆ॥"**

ਮੂੰਹੋਂ ਗੁਰਸਿਖੀ ਪਿਆਰ ਅਤੇ ਵੈਰਾਗ ਦੀਆਂ ਤੁਕਾਂ ਅਖੀਂ ਮੀਟ ਕੇ ਝੂਮ ਝੂਮ ਕੇ ਪੜ੍ਹੀਏ ਜਾਂ ਕੰਨਾਂ ਨਾਲ ਸੁਣੀਏ ਅਤੇ ਅੰਦਰੋਂ ਗੁਰਸਿਖਾਂ ਨਾਲ ਮਦ-ਭੇਦ ਰਖੀਏ ਅਤੇ ਵਿਤਕਰੇ ਵਾਲਾ ਸਲੂਕ ਕਰੀਏ ਤਾਂ—

"ਨਾਕੋਬੈਰੀਨਹੀਬਿਗਾਨਾਸਗਲਸੰਗਿਹਮਕਉ ਬਨਿਆਈ॥"

ਵਾਲੀ ਤੁਕ ਅੱਗੇ ਕਿਹੜਾ ਮੂੰਹ ਲੈ ਕੇ ਖੜੇ ਹੋਵਾਂਗੇ ? ਤਾਂ ਤੇ ਜ਼ਰੂਰ ਹੀ "ਸੇਕਾਢੇਕਚਿਆ" ਦੇ ਟੋਲੇ ਵਿਚ ਨਿਵਾਸ ਮਿਲੇਗਾ। ਆਪਣੀ ਚਤੁਰਾਈ ਦੀ ਹੈਂਕੜ ਵਿਚ ਵਿਚਰਨ ਦਾ ਐਸਾ ਹੀ ਖ਼ਮਿਆਜ਼ਾ ਮਿਲਦਾ ਹੈ—

"ਮਨਮੁਖਕਚੇਕੂੜਿਆਰਤਿਨੀਨਿਹਚਉ ਦਰਗਹਹਾਰਿਆ॥"

ਅੰਦਰੋਂ ਹੋਰ ਅਤੇ ਬਾਹਰੋਂ ਹੋਰ ਹੋਣ ਦਾ ਐਸਾ ਦਰਗਾਹੀ ਸਲੂਕ ਮਿਲਦਾ ਹੈ। ਮਿਲੇ ਕਿਉਂ ਨਾ ? ਸਾਰੇ ਗੁਰਸਿਖਾਂ ਨਾਲ ਤਾਂ ਸਾਡੀ ਬਣ ਨਹੀਂ ਆਈ ਤੇ ਫਿਰ 'ਸਗਲ ਸੰਗਿ' ਕੈਸੇ ਬਣ ਆਏਗੀ ?

ਤਾਂ ਤੇ ਸਾਡਾ ਭਲਾ ਇਸ ਵਿਚ ਹੀ ਹੈ ਕਿ ਅਸੀਂ ਉਨ੍ਹਾਂ ਪਿਆਰੇ ਗੁਰਸਿਖ ਵੀਰਾਂ ਸੱਜਣਾਂ ਵੱਲ, ਜਿਨ੍ਹਾਂ ਤੋਂ ਅਸੀਂ ਕਿਸੇ ਕਾਰਨ ਅੱਡ ਹੋਏ ਬੈਠੇ ਹਾਂ, ਧਾਈਆਂ ਕਰ ਕੇ ਜਾਈਏ, ਅਤੇ ਗਲਵਕੜੀਆਂ ਜਾ ਪਾਈਏ। ਦਿਲ ਵਿਚ **ਇਕੋ ਪਿਆਰੁ** ਦੀ ਤੜਪ ਲੈ ਕੇ ਜਾ ਮਿਲੀਏ।

"ਜਾਇਮਿਲਾਤਿਨਾਸਜਣਾਤੁਟਉਨਾਹੀਨੇਹੁ॥"

ਇਹ ਗੁਰ-ਦਰਸਾਇਆ **ਇਕੋ ਪਿਆਰੁ** ਕਿਸੇ ਹਾਲਤ ਵਿਚ ਤੁੱਟਣਾ ਨਹੀਂ ਚਾਹੀਏ। ਇਹ ਗਿਆ ਤਾਂ ਸਭ ਕੁਝ ਗਿਆ।

ਖ਼ਾਲਸਈ ਨਿਸ਼ਾਨੀਆਂ ਤਾਂ ਬਹੁਤ ਹਨ, ਪਰ ਉਨ੍ਹਾਂ ਵਿਚੋਂ ਥੋੜੀਆਂ ਜਿਹੀਆਂ ਉਪਰ ਦਰਸਾਈਆਂ ਤੋਂ ਅਸੀਂ ਕਹਿ ਸਕਦੇ ਹਾਂ ਕਿ ਸਮੂਹ ਅੰਮ੍ਰਿਤਧਾਰੀ ਗੁਰਸਿਖ, ਸਵਾਸ-ਗਿਰਾਸੀ ਨਾਮ ਅਭਿਆਸੀ, ਰਹਿਤ ਬਹਿਤ ਪੂਰੇ, ਨਿਤਨੇਮੀ, ਅੰਮ੍ਰਿਤ ਵੇਲੇ ਦੀ ਨਿਤਾਪ੍ਰਤੀ ਸੰਭਾਲ ਕਰਨਹਾਰੇ ਸਭ ਗੁਰਸਿਖਾਂ ਨਾਲ **ਇਕੋ ਪਿਆਰੁ** ਕਰਨ ਵਾਲੇ, ਸਾਰਿਆਂ ਗੁਰਸਿਖਾਂ ਨਾਲ ਮਿਲ ਬੈਠ ਕੇ ਇਕੱਠੇ ਨਾਮ ਬਾਣੀ (ਕੀਰਤਨ) ਅਖਾੜੇ ਰਚਣ ਵਾਲੇ, ਧਰਮ ਦੀ ਕਿਰਤ ਕਰ ਕੇ ਵੰਡ ਕੇ ਛਕਣ ਵਾਲੇ, ਪਰਾਏ ਧਨ ਤੇ ਆਪਣਾ



www.AKJ.Org

ਨਿਰਬਾਹ ਨਾ ਕਰਨ ਵਾਲੇ ਅਤੇ ਗੁਰਬਾਣੀ ਦੇ ਚਾਨਣ ਵਿਚ ਚੱਲਣ ਵਾਲੇ ਹੀ **ਖ਼ਾਲਸਾ** ਹਨ।

"ਏਕੁਪਿਤਾਏਕਸਕੇਹਮਬਾਰਿਕ" ਵਾਲੇ ਖ਼ਾਲਸਾ ਨੂੰ ਆਪਣਾ ਸਾਂਝਾ ਪਿਆਰ ਕਾਇਮ ਰਖਣ ਲਈ, ਇਕ ਦੂਜੇ ਦੇ ਸਾਹੀਂ ਜੀਊਣ ਲਈ ਇਹ ਜ਼ਰੂਰੀ ਹੈ ਕਿ ਕੀਰਤਨ-ਅਖਾੜਿਆਂ, ਅਖੰਡਪਾਠਾਂ ਅਤੇ ਅੰਮ੍ਰਿਤ-ਸਿੰਚਾਰਾਂ ਨੂੰ ਦਿਨੋ ਦਿਨ ਸਸਤਾ ਨਾ ਕਰੀਏ, ਗੁਰਸਿਖੀ ਦੀ ਵਧ ਰਹੀ ਬੇਕਦਰੀ ਨੂੰ ਠੱਲ੍ਹ ਪਾਈਏ ਅਤੇ ਇਨ੍ਹਾਂ ਸਮਾਗਮਾਂ ਨੂੰ ਕੁਝ ਮਹਿੰਗਾ ਕਰੀਏ। ਤਾਂ ਜੁ ਕੀਰਤਨ, ਅਖੰਡਪਾਠ ਅਤੇ ਸਿਖੀ ਰਹਿਤ ਬਹਿਤ ਵਾਸਤੇ ਸਤਿਕਾਰ ਅਤੇ ਅਦਬ ਵਧੇ। ਇਸ ਨਾਲ ਆਤਮਕ ਅਨੰਦ ਬਹੁਤ ਚੜ੍ਹਦੀਆਂ ਕਲਾਂ ਵਿਚ ਹੋ ਜਾਏਗਾ।

ਇਸ ਬਾਰੇ ਕੁਝਕੁ ਸੁਝਾਉ ਇਸ ਪ੍ਰਕਾਰ ਹਨ—

**ਕੀਰਤਨ-ਅਖਾੜੇ** :—ਹਰ ਸ਼ਹਿਰ ਵਿਚ ਸਪਤਾਹਕ ਕੀਰਤਨ-ਸਮਾਗਮ ਸਾਰੇ ਗੁਰਸਿਖ ਪ੍ਰਵਾਰ ਰਲ ਮਿਲ ਕੇ ਇਕ ਹੀ ਜਗ੍ਹਾ ਕਰਿਆ ਕਰਨ। ਵੱਡੇ ਕੀਰਤਨ-ਅਖਾੜਿਆਂ ਵਿਚ ਬਾਹਰੋਂ ਆਏ ਕੀਰਤਨੀ ਵੀਰਾਂ, ਭੈਣਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਸਮਾਂ ਕੀਰਤਨ ਕਰਨ ਲਈ ਦਿੱਤਾ ਜਾਏ। ਕੀਰਤਨ ਜ਼ਬਾਨੀ ਕਰਨ ਤੇ ਜ਼ੋਰ ਦਿੱਤਾ ਜਾਏ। ਇਸ ਨਾਲ ਬਾਣੀ ਦਾ ਸਤਿਕਾਰ, ਮਨ ਦੀ ਇਕਾਗਰਤਾ, ਬਾਣੀ ਵਿਚ ਧਿਆਨ ਅਤੇ ਆਏ ਵੀਰਾਂ ਭੈਣਾਂ ਲਈ ਅਦਬ ਵਧਦਾ ਹੈ।

**ਸ੍ਰੀ ਅਖੰਡਪਾਠ** :—ਲੜੀਦਾਰ ਬੀੜ ਤੋਂ ਕਰਨਾ ਗੁਰਮਤਿ ਹੈ। ਅਖੰਡਪਾਠੀ ਅੰਮ੍ਰਿਤਧਾਰੀ ਹੋਵਣ। ਕੋਈ ਪਾਠੀ ਤਨਖ਼ਾਹੀਆ ਨਾ ਹੋਵੇ। ਹਰ ਰੌਲ ਤੋਂ ਪਹਿਲੋਂ ਇਸ਼ਨਾਨੇ ਸੋਧੇ ਹੋਣ, ਤਾਂ ਜੁ ਸਰੀਰਕ ਸੋਧ-ਸੁਧਾਈ ਹੋ ਜਾਏ, ਮਨ ਦਾ ਦਲਿੱਦਰ ਲਹਿ ਕੇ ਪਾਠ ਵੱਲ ਰੁਚੀ ਤੀਬਰ ਹੋ ਜਾਏ ਅਤੇ ਸਰੀਰਕ ਸਾਵਧਾਨਤਾ ਕਾਇਮ ਹੋ ਜਾਏ। ਕੋਈ ਭੀ ਪਾਠੀ ਐਸਾ ਨਾ ਹੋਵੇ ਜੋ ਪੰਜਾਂ ਬਾਣੀਆਂ ਦਾ ਨਿਤਨੇਮੀ ਨਾ ਹੋਵੇ (ਭਾਵੇਂ ਜ਼ਬਾਨੀ ਭਾਵੇਂ ਗੁਟਕੇ ਤੋਂ)।

**ਅੰਮ੍ਰਿਤ-ਸਿੰਚਾਰ**:—ਜਿਥੇ ਅੰਮ੍ਰਿਤ-ਸਿੰਚਾਰ ਹੋਵੇ ਓਥੇ ਲੜੀਦਾਰ ਬੀੜ ਤੋਂ ਅਖੰਡਪਾਠ ਹੋ ਕੇ ਕੁੰਭ ਦਾ ਜਲ ਵਰਤਿਆ ਜਾਵੇ। ਪੰਚਾਂ ਦੀ ਸੇਵਾ ਇਨ੍ਹਾਂ ਅਖੰਡਪਾਠੀਆਂ ਤੋਂ ਹੀ ਲਈ ਜਾਵੇ। ਇਹ ਸਾਰੇ ਅਖੰਡਪਾਠੀ ਦੂਰ ਨੇੜੇ ਦੀਆਂ ਸੰਗਤਾਂ ਨੂੰ ਬੇਨਤੀ ਕਰ ਕੇ ਮੰਗਵਾਏ ਜਾਣ। ਕੋਈ ਲੋਕਲ ਸਿੰਘ ਪੰਚਾਂ ਦੀ ਸੇਵਾ ਵਿਚ ਸ਼ਾਮਲ ਨਾ ਹੋਵੇ। ਇਨ੍ਹਾਂ ਅਖੰਡ-ਪਾਠੀਆਂ ਨੂੰ ਸਾਰਾ ਨਿਤਨੇਮ ਜ਼ਬਾਨੀ ਕੰਠ ਹੋਵੇ। ਸੁਖਮਨੀ ਸਾਹਿਬ ਅਤੇ ਆਸਾ ਦੀ ਵਾਰ ਛੱਕਿਆਂ ਸਮੇਤ ਜ਼ਬਾਨੀ ਨਿਤਨੇਮ ਵਿਚ ਸ਼ਾਮਲ ਹੋਵਣ। ਜੇ ਹੋਰ ਬਾਣੀਆਂ ਭੀ ਕੰਠ ਹੋਵਣ ਤਾਂ ਸੁਭਾਗ। ਇਹ ਪਾਠੀ ਜਿਰ-ਗੁੰਮ, ਨੜੀਮਾਰ, ਕੁੜੀਮਾਰ ਆਦਿ ਨਾਲ ਮਿਲਵਰਤਣ ਤੋਂ ਪਾਕ ਹੋਵਣ।

**ਦੇਗ** :—ਸਰਬ ਲੋਹੀ ਦੇਗ ਦਾ ਤਿਆਰਾ, ਨਿਤ-ਨੇਮ ਵਾਲੀਆਂ ਪੰਜੇ ਬਾਣੀਆਂ ਦਾ ਪਾਠ ਕਰਦਿਆਂ, ਹੋਣਾ ਹੀ ਸ਼ੁਭ ਹੈ। ਬੇਸ਼ਕ ਇਕ ਦੋ ਵਿਯਕਤੀ ਰਲ ਮਿਲ ਕੇ ਇਹ ਸੇਵਾ ਪੂਰੀ ਕਰ ਲੈਣ।

ਜੇ ਅਸੀਂ ਗੁਰਬਾਣੀ ਦੇ ਚਾਨਣ ਵਿਚ ਹੋ ਤੁਰੀਏ ਤਾਂ ਖ਼ਾਲਸਈ ਆਨ ਸ਼ਾਨ, ਬਾਹਿਮੀ ਪਿਆਰ, ਸਤਿਕਾਰ ਅਤੇ ਚੜ੍ਹਦੀ ਕਲਾ ਵਾਲੀ ਆਤਮਕ ਅਵਸਥਾ (ਜਿਹੜੀ ਤਿੱਤਰ ਬਿੱਤਰ ਹੁੰਦੀ ਜਾ ਰਹੀ ਜਾਪਦੀ ਹੈ) ਫਿਰ ਹਰੀ (ਕਾਇਮ) ਹੋ ਸਕਦੀ ਹੈ, ਅਤੇ ਫੇਰ ਹੀ ਅਸੀਂ ਇਹ ਉੱਚੀ ਉੱਚੀ ਕਹਿ ਸਕਾਂਗੇ ਕਿ—

ਹਮਸੰਤਨਕੀਰੇਨੁਪਿਆਰੇਹਮਸੰਤਨਕੀਸਰਣਾ॥
ਸੰਤਹਮਾਰੀਓਟਸਤਾਣੀਸੰਤਹਮਾਰਾਗਹਣਾ॥ [੬੧੪

ਇਸ ਨਾਲ 'ਸੰਤਨਸਿਉਹਮਲਾਧਾਖਾਟਿਆ" ਵਾਲੀ ਗੱਲ ਭੀ ਬਣ ਜਾਏਗੀ। ਅਤੇ ਅਸੀਂ ਉਹ ਲਾਹਾ ਲੈ ਕੇ "ਪਤਿਪਾਇਦਰਬਾਰਿ" ਵਾਲਾ ਰੁਤਬਾ ਪਾ ਕੇ ਸਤਿਗੁਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਸਕਾਂਗੇ।

ਸੰਗਤਿ, ਦਾਸ ਦੀਆਂ ਭੁਲਾਂ ਚੁਕਾਂ ਬਖਸ਼ਣ ਦੀ ਕਿਰਪਾ ਕਰੇ। ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ।

—o—



www.AKJ.Org

# 'ਸਾਨੇਹੜੇ ਦੇਂਦੀ'

ਸੁਹਿਰਦ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਇਕ ਬਿਰਹਨ ਦੀ ਪ੍ਰੇਮ-ਪਾਤੀ ਕੀਤੀ ਜਾ ਰਹੀ ਹੈ। ਲੇਖਕਾ ਦਾ ਨਾਮ ਉਤੇ ਦਿਤਾ ਹੋਇਆ ਨਹੀਂ। ਬਸ ਏਨਾ ਹੀ ਪਤਾ ਚਲਦਾ ਹੈ ਕਿ ਇਹ ਜਲੰਧਰ ਮਿਤੀ 18.12.48 ਨੂੰ ਲਿਖੀ ਗਈ।

ਮਾਰਚ 1975 ਤੋਂ ਸਤੰਬਰ 1975 ਤਕ ਸਿਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਬ੍ਰਾਜਮਾਨ ਪਾਕਿਸਤਾਨ ਦੇ ਵਖ ਵਖ ਥਾਵਾਂ ਤੋਂ ਆਈਆਂ 1500 ਹੱਥ-ਲਿਖਤ ਬੀੜਾਂ ਦੀ ਸੇਵਾ ਅੰਮ੍ਰਿਤਸਰ ਨਿਵਾਸੀ ਸੰਗਤਾਂ ਨੇ ਕਰ ਕੇ ਜਨਮ ਸਫਲ ਕੀਤਾ। ਬੀੜਾਂ ਦੇ ਪੁਸ਼ਾਕੇ ਬਦਲੇ ਤੇ ਇਕ ਇਕ ਪਤਰੇ ਦੀ ਸਫਾਈ ਦੀ ਸੇਵਾ ਕੀਤੀ।

ਬੀੜਾਂ ਦੀ ਸੇਵਾ ਕਰਦਿਆਂ ਇਹ ਪਤ੍ਰਿਕਾ ਜੋ ਪਾਠਕਾਂ ਦੇ ਪੇਸ਼ ਕੀਤੀ ਜਾ ਰਹੀ ਹੈ, ਬੀੜ ਦੇ ਵਿਚੋਂ ਪ੍ਰਾਪਤ ਹੋਈ।

ਚਿਠੀ ਵਾਚਣ ਤੋਂ ਪਤਾ ਚਲਦਾ ਹੈ ਕਿ ਲੇਖਕਾ ਕੋਈ ਬੈਰਾਗਣ ਰੂਹ ਹੈ। ਪਤ੍ਰਿਕਾ ਉਸ ਦੇ ਅੰਦਰਲੇ ਵਲਵਲਿਆਂ ਦਾ ਸ਼ਬਦੀ-ਚਿਤਰ ਹੈ। ਪਤ੍ਰਿਕਾ ਤੋਂ ਉਸ ਦੀ ਤੀਬਰ ਜਗਿਆਸਾ ਦਾ ਝਾਵਲਾ ਪੈਂਦਾ ਹੈ। ਵਿਛੋੜੇ ਦਾ ਸੱਲ ਤੇ ਦਰਸ਼ਨ-ਮਿਲਾਪ ਦੀ ਤਾਂਘ ਹਰੇਕ ਪਾਠਕ ਦੇ ਕਲੇਜੇ ਨੂੰ ਧੂਹ ਪਾਂਦੀ ਹੈ।

ਚਿਠੀ ਵਿਚੋਂ ਗੁਰਦੇਵ ਪ੍ਰੀਤਮ ਦੇ ਸਤ ਦਿਨਾਂ ਤੋਂ ਪਏ ਵਿਛੋੜੇ ਦਾ ਕਾਰਨ ਸਪੱਸ਼ਟ ਨਹੀਂ ਹੁੰਦਾ। ਸੰਭਾਵਨਾ ਹੋ ਸਕਦੀ ਹੈ ਕਿ ਸ੍ਰੀਰਕ ਕਸ਼ਟ ਵਿਚ ਹੋਣ ਕਾਰਨ ਜਾਂ ਘਰ ਦਿਆਂ ਦੀ ਗੁਰਦੇਵ ਤੋਂ ਸਰਧਾ-ਹੀਣਤਾ ਕਾਰਨ ਇਹ ਵਿਛੋੜਾ ਪਿਆ ਹੋਵੇ।

ਗੁਰਦੇਵ ਵਲ ਚਿਠੀ ਲਿਖਣ ਅਤੇ ਫਿਰ ਗੁਰਦੇਵ ਵਿਚ ਰਖਣ ਦੀ ਇਹ ਰੀਤਿ ਕੁਝ ਅਨੋਖੀ ਜਹੀ ਹੈ। ਵਿਛੋੜੇ ਕਾਰਨ ਦੁਖ ਪ੍ਰਤੀਤ ਹੋਣ ਕਰਕੇ ਅਤੇ ਮਿਲਾਪ ਲਈ ਤੜਪ ਕਾਰਨ ਮਨੋ-ਭਾਵਾਂ ਦਾ ਉਤਪੰਨ ਹੋਣਾ ਕੁਦਰਤੀ ਗੱਲ ਹੈ, ਪਰ ਉਹਨਾਂ ਨੂੰ ਚਿਠੀ ਦਾ ਰੂਪ ਦੇ ਕੇ, ਚਿਠੀ ਦਾ ਮਹਾਰਾਜ ਦੀ ਬੀੜ ਵਿਚ ਰਖੇ ਜਾਣਾ ਪਰਮਾਰਥ ਦੇ ਗੂੜ੍ਹ ਰਹੱਸਵਾਦ ਤੋਂ ਭਾਵੇਂ ਅਨਜਾਣ-ਪੁਣਾ ਹੈ। ਪਰ ਕੁਝ ਵੀ ਹੋਵੇ, ਜਗਿਆਸੂ ਪ੍ਰੇਮਕਾ ਦੇ ਮਨ ਦੀ ਨਿਰਮਲਤਾ ਅਤੇ ਪ੍ਰੇਮ-ਲਗਨ ਦੀ ਤੀਬਰਤਾ ਵਿਚ ਕੋਈ ਸੰਦੇਹ ਨਹੀਂ ਹੈ।

ਜਗਿਆਸੂ-ਬਿਰਹਨੀ ਦੇ ਮਨੋ-ਭਾਵ ਕਿ ਗੁਰਦੇਵ ਨੂੰ ਮਾਤਾ ਕਹਿ ਕੇ ਸੰਬੋਧਨ ਕਰੇ ਜਾਂ ਪਿਤਾ, ਜਾਂ ਗੁਰਦੇਵ ਵੀ ਵਿਲੱਖਣ ਅਤੇ ਰੋਚਕ ਹੈ। ਗੁਰੂ ਵਾਕ—"**ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ**" ਵਿਚ ਗੁਰਦੇਵ ਨੂੰ ਮਾਤਾ ਦਾ ਪ੍ਰਿਥਮ ਦਰਜਾ ਦਿਤਾ ਗਿਆ ਹੈ। ਸ਼ਾਇਦ ਇਸੇ ਲਈ ਲੇਖਕਾ ਨੇ ਗੁਰਦੇਵ ਨੂੰ ਮਾਤਾ ਸੰਬੋਧਨ ਕਰਕੇ ਪਤ੍ਰਿਕਾ ਲਿਖੀ ਹੈ। ਉਂਜ ਵੀ ਲੜਕੀਆਂ ਨੂੰ ਮਾਂ ਨਾਲ ਜ਼ਿਆਦਾ ਸਨੇਹ ਹੁੰਦਾ ਹੈ।

ਅੰਤ ਵਿਚ ਲੇਖਕਾ ਨੇ ਵਿਛੋੜੇ ਦਾ ਕਾਰਨ ਆਪ ਹੀ ਗੁਰਬਾਣੀ ਦੀ ਰੋਸ਼ਨੀ ਵਿਚ ਲਭ ਲਿਆ ਹੈ:—

"ਪਿਰ ਦੋਸੁ ਨਾਹੀ ਸੁਖਹ ਦਾਤੇ, ਹਉ ਵਿਛੁੜੀ ਬੁਰਿਆਰੇ" ਅਤੇ ਮਿਲਾਪ ਦੀ ਕੁੰਜੀ "ਹਉ-ਤਿਆਗ" "ਪ੍ਰੇਮ-ਬੇਨੰਤੀ" ਵੀ ਗੁਰਬਾਣੀ ਵਿਚ ਲਭ ਲਈ ਹੈ—

ੴ ਸਤਿਗੁਰਪ੍ਰਸਾਦਿ ॥

ਜਲੰਧਰ
18.12.48

ਸ੍ਰੀ ਮਤੀ ਪੂਜਨੀਕ ਮੇਰੇ ਪਿਆਰੇ ਗੁਰਦੇਵ ਮਾਤਾ ਜੀਉ,

ਆਪ ਜੀ ਦੇ ਪਵਿਤਰ ਚਰਨਾਂ ਪਰ ਸਿਰ ਧਰ ਕੇ ਆਪ ਦੀ ਦਾਸੀ ਦੀ ਪ੍ਰਣਾਮ ਸਵੀਕਾਰ ਕਰਨੀ ਜੀ। ਮੇਰੇ ਪਿਆਰੇ ਗੁਰਦੇਵ ਜੀਉ, ਮੈਨੂੰ ਸਮਝ ਨਹੀਂ ਆਉਂਦੀ ਕ੍ਰਿ ਆਪ ਜੀ ਨੂੰ ਮਾਤਾ ਜੀ ਆਖਾਂ ਕਿ ਪਿਤਾ ਜੀ ਆਖਾਂ, ਯਾ ਸਤਿਗੁਰ ਜੀ ਆਖਾਂ ਯਾ ਗੁਰਦੇਵ ਜੀ ਆਖਾਂ। ਮੇਰੇ ਪਿਆਰੇ ਮਾਤਾ ਜੀਉ! ਮੇਰੀ ਬੇਨਤੀ ਹੈ ਕਿ ਮੈਨੂੰ ਆਪ ਜੀ ਦੇ ਚਰਨਾਂ ਤੋਂ ਨਿਖੜਿਆਂ, ਆਪ ਜੀ ਦੇ ਸੂਰਜ ਸਮਾਨ ਚਮਕਦੇ



www.AKJ.Org

ਮੁਖ ਦੇ ਦਰਸ਼ਨ ਕੀਤਿਆਂ ਅਜ ਅਠ ਦਿਨ ਹੋ ਗਏ ਹਨ। ਮੁਆਫ਼ ਕਰਨਾ, ਮੈਂ ਆਪ ਜੀ ਨੂੰ ਪਤਰ ਨਹੀਂ ਪਾ ਸਕੀ। ਮੇਰੇ ਪਿਆਰੇ ਗੁਰਦੇਵ ਜੀਉ! ਚਿਠੀ ਨਾ ਪਾਉਣ ਦਾ ਕਾਰਨ ਮੈਂ ਆਪ ਜੀ ਨੂੰ ਕੀ ਦਸਾਂ। ਆਪ ਅੰਤਰਜਾਮੀ ਹੋ। ਦਿਲਾਂ ਦੀਆਂ ਬੁਝਣ ਵਾਲੇ ਹੋ। ਮੇਰੇ ਪਿਆਰੇ ਮਾਤਾ ਜੀਉ! ਇਨ੍ਹਾਂ ਸਤ ਦਿਨਾਂ ਵਿਚ ਮੈਂ ਪੰਜ ਵਾਰੀ ਆਪ ਜੀ ਨੂੰ ਪਤਰ ਲਿਖਣ ਲਈ ਕਲਮ ਫੜੀ, ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਜਦੋਂ ਪਤਰ ਲਿਖਣ ਲਗਦੀ, ਹਥ ਕੰਬਣ ਲਗ ਜਾਂਦੇ ਤੇ ਕਲਮ ਹਥੋਂ ਡਿਗ ਪੈਂਦੀ। ਇਸ ਦਾ ਕਾਰਨ ਮੈਨੂੰ ਆਪਣੇ ਅਤੀ ਗੁਨਾਹਾਂ ਦਿਸੇ ਹਨ।

ਮੇਰੇ ਪਿਆਰੇ ਗੁਰਦੇਵ ਜੀ, ਇਹ ਤੇ ਅਜ਼ਮਾ ਕੇ ਦੇਖਿਆ ਹੈ ਕਿ ਜਦੋਂ ਮੈਂ ਆਪ ਜੀ ਦੇ ਦਰਸ਼ਨਾਂ ਦੀ ਉਡੀਕ ਆਪਣੇ ਘਰ ਕਰਾਂ ਯਾ ਆਪ ਜੀ ਦੇ ਚਰਨਾਂ ਵਿਚ ਜਾ ਕੇ ਕਰਾਂ ਤੇ ਮੇਰੇ ਮਨ ਦੀ ਦਸ਼ਾ ਹੋਰ ਹੁੰਦੀ ਹੈ। ਯਾਨੀ ਮੇਰੇ ਦਿਲ ਵਿਚ ਕਈ ਖ਼ਿਆਲ ਹੁੰਦੇ ਸਨ ਕਿ ਜਦੋਂ ਮੇਰੇ ਗੁਰਦੇਵ ਮਾਤਾ ਜੀਉ ਮਿਲਣਗੇ ਮੈਂ ਇਹ ਗੱਲ ਕਰਾਂਗੀ ਯਾ ਮੈਂ ਇਉਂ ਪ੍ਰਨਾਮ ਕਰਾਂਗੀ। ਹੋਰ ਇਸੇ ਤਰ੍ਹਾਂ ਦੇ ਕਈ ਖ਼ਿਆਲ ਆਉਂਦੇ ਹਨ ਤੇ ਆਪ ਜੀ ਦੇ ਚਰਨਾਂ ਵਿਚ ਹਾਜ਼ਰ ਹੁੰਦਿਆਂ ਹੀ ਮੈਨੂੰ ਸਭ ਕੁਝ ਭੁਲ ਜਾਂਦਾ ਹੈ।

ਮੇਰੇ ਪਿਆਰੇ ਪਿਤਾ ਜੀਉ, ਮੇਰਾ ਦਿਲ ਆਪ ਜੀ ਦੇ ਦਰਸ਼ਨਾਂ ਨੂੰ ਹਰ ਵੇਲੇ ਤੜਫਦਾ ਰਹਿੰਦਾ ਹੈ, ਪਰ ਪਤਾ ਨਹੀਂ ਕੀ ਕਾਰਨ, ਜੁ ਆਪ ਜੀ ਦੇ ਦਰਸ਼ਨ ਸੁਪਨੇ ਵਿਚ ਭੀ ਨਹੀਂ ਹੁੰਦੇ। ਮੇਰੇ ਪਿਆਰੇ ਮਾਤਾ ਜੀਉ, ਮੇਰੀਆਂ ਭੁਲਾਂ ਮੁਆਫ਼ ਕਰੋ। ਤੇ ਮੈਨੂੰ ਆਪਣੇ ਚਰਨਾਂ ਵਿਚ ਲਾਵੋ। ਮੈਨੂੰ ਔਗਣਹਾਰੀ ਨੂੰ ਬਖ਼ਸ਼ੋ ਤੇ ਆਪਣੇ ਚਰਨਾਂ ਵਿਚ ਲਾਵੋ। ਮੇਰੇ ਔਗਣਾਂ ਵਲ ਨ ਵੇਖਣਾ। ਮੈਂ ਭਿਖਾਰਨ ਨੂੰ ਬਖਸ਼ ਲੈਣਾ। ਆਪ ਦੇ ਸਿਵਾ ਮੇਰਾ ਕੋਈ ਵੀ ਨਹੀਂ। ਮੇਰੇ ਪਿਆਰੇ ਗੁਰਦੇਵ ਜੀ, ਮੇਰੀ ਬਾਰ ਬਾਰ ਬੇਨਤੀ ਹੈ ਕਿ ਮੇਰੀਆਂ ਬੁਰਿਆਈਆਂ ਵਲ ਨਾ ਵੇਖਣਾ, ਮੈਨੂੰ ਆਪਣੇ ਚਰਨਾਂ ਦਾ ਪਿਆਰ ਤੇ ਨਾਮ ਦੀ ਦਾਤ ਬਖਸ਼ਸ਼ ਕਰਨੀ।

---

## ਸ੍ਰੀ ਅੰਮ੍ਰਿਤਸਰ ਵਿਖੇ ਗੁਰ-ਧਾਮ ਯਾਤਰਾ ਬਸ-ਸਰਵਿਸ

ਸ੍ਰੀ ਅੰਮ੍ਰਿਤਸਰ ਵਿਖੇ ਆਉਣ ਵਾਲੇ ਯਾਤਰੂਆਂ ਦੀ ਸਹੂਲਤ ਲਈ, ਸ੍ਰੀ ਹਰਿਮੰਦਰ ਸੇਵਕ ਸਭਾ ਦੇ ਉਦਮ ਨਾਲ, ਪੰਜਾਬ ਸਰਕਾਰ ਨੇ ਰੋਜ਼ਾਨਾ ਇਕ ਡੀਲੈਕਸ ਬਸ ਸ੍ਰੀ ਅੰਮ੍ਰਿਤਸਰ ਦੇ ਆਲੇ-ਦੁਆਲੇ ਦੇ ਹੇਠ ਲਿਖੇ ਗੁਰ-ਧਾਮਾਂ ਦੀ ਯਾਤਰਾ ਲਈ ਚਾਲੂ ਕਰ ਦਿਤੀ ਹੈ—ਸਵੇਰੇ ਨੌਂ ਵਜੇ ਚੌਂਕ ਘੰਟਾ ਘਰ ਸ੍ਰੀ ਅੰਮ੍ਰਿਤਸਰ ਤੋਂ ਚਲ ਕੇ ਬਾਬਾ ਬਕਾਲਾ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਡੇਹਰਾ ਸਾਹਿਬ, ਚੋਹਲਾ ਸਾਹਿਬ, ਸ੍ਰੀ ਤਰਨ ਤਾਰਨ, ਬੀੜ ਬਾਬਾ ਬੁੱਢਾ ਸਾਹਿਬ, ਗੁਰਦਵਾਰਾ ਸੰਨ੍ਹ ਸਾਹਿਬ, ਗੁਰੂ ਕੀ ਵਡਾਲੀ, ਛੇਹਰਟਾ ਸਾਹਿਬ ਤੋਂ ਹੁੰਦੀ ਹੋਈ ਸ਼ਾਮ ਨੂੰ ਪੰਜ ਵਜੇ ਵਾਪਸ ਪੁਜਦੀ ਹੈ। ਇਸ ਬਸ ਦਾ ਕਰਾਇਆ ਸਤਾਰਾਂ ਰੁਪਏ ਹੈ।

ਪੰਜਾਬ ਸਰਕਾਰ ਦਾ ਇਹ ਉਪਰਾਲਾ ਬੜਾ ਸ਼ਲਾਘਾ ਯੋਗ ਹੈ, ਪਰ ਕੀ ਚੰਗਾ ਹੋਵੇ ਜੇ ਸਰਕਾਰ ਡੀਲੈਕਸ ਦੀ ਥਾਂ ਆਮ ਕਰਾਏ ਵਾਲੀ ਨਵੀਂ ਬਸ ਇਸ ਰੂਟ ਤੇ ਚਲਾ ਦੇਵੇ ਤਾਂ ਜੁ ਕਰਾਇਆ ਘਟਣ ਨਾਲ ਸਮੂਹ ਸਿਖ ਸੰਗਤਾਂ ਇਸ ਦਾ ਲਾਭ ਉਠਾ ਸਕਣ।

---

**ਜ਼ਰੂਰੀ ਬੇਨਤੀਆਂ--**(੧) ਹਰ ਮਹੀਨੇ ਕਈ ਪਰਚੇ ਡਾਕ ਵਿਚ ਗੁੰਮ ਹੋ ਜਾਂਦੇ ਹਨ। ਜੇ ਦਸ ਤਰੀਕ ਤਕ ਆਪ ਨੂੰ ਪਰਚਾ ਨਾ ਪੁਜੇ ਤਾਂ ਹੋਰ ਪਰਚਾ ਭੇਜਣ ਲਈ ਸਾਨੂੰ ਲਿਖੋ।

(੨) ਚੰਦਾ ਮੁਕਣ ਤੇ ਆਪ ਦੀ ਯਾਦਾਸ਼ਤ ਲਈ ਅਸੀਂ ਪਰਚੇ ਉਪਰ ਚੰਦਾ ਮੁਕਣ ਦੀ ਮੋਹਰ ਲਾ ਦਿੰਦੇ ਹਾਂ। ਮੋਹਰ ਵੇਖਣ ਸਾਰ ਹੀ ਆਪਣਾ ਚੰਦਾ ਭੇਜਣ ਦੀ ਕਿਰਪਾ ਕਰੋ ਜੀ, ਧੰਨਵਾਦੀ ਹੋਵਾਂਗੇ।



www.AKJ.Org

# ਕੀ ਸਿਖ ਇਤਿਹਾਸ 'ਰਾਮ ਲੀਲ੍ਹਾ' ਬਣੇਗਾ ?

[ਵਲੋਂ :–ਡੀ. ਐਸ. ਲਾਇਲਪੁਰੀ, ਜਲੰਧਰ]

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ-ਸ਼ਤਾਬਦੀ ਵਾਲੇ ਸਾਲ ੧੯੬੯ ਵਿਚ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਫ਼ਿਲਮ 'ਨਾਨਕ ਨਾਮ ਜਹਾਜ਼' ਬਣਾਣ ਦੀ ਪ੍ਰਵਾਨਗੀ ਦਿਤੇ ਜਾਣ ਦਾ ਨਤੀਜਾ ਇਹ ਹੋਇਆ ਕਿ ਸਿਖ ਇਤਿਹਾਸ ਅਤੇ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਨਾਟਕਾਂ, ਡਰਾਮਿਆਂ ਅਤੇ ਸੰਗੀਤਕ ਰੂਪਕਾਂ ਦਾ ਹੜ ਆ ਗਿਆ। ਓਦੋਂ ਤੋਂ ਲੈ ਕੇ ਹੁਣ ਤਕ ਕਈ ਕਿਸਮ ਦੇ ਡਰਾਮੇ ਤੇ ਨਾਟਕ ਖੇਡੇ ਗਏ ਅਤੇ ਗੁਰਬਾਣੀ ਦੀਆਂ ਤੁਕਾਂ ਤੇ ਅਧਾਰਿਤ ਸਿਖ ਧਰਮ ਨਾਲ ਸੰਬੰਧਤ ਕਈ ਫ਼ਿਲਮਾਂ ਬਣ ਗਈਆਂ ਅਤੇ ਫ਼ਿਲਮ-ਨਿਰਮਾਤਾਵਾਂ ਨੇ ਰਜ ਕੇ ਦੌਲਤ ਕਮਾਈ।

ਫ਼ਿਲਮ 'ਨਾਨਕ ਨਾਮ ਜਹਾਜ਼' ਬਣਨ ਤੋਂ ਪਹਿਲਾਂ ਅਤੇ ਪਿਛੋਂ ਲਗਾਤਾਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਆਗੂਆਂ ਨੂੰ ਅਖ਼ਬਾਰ 'ਗੁਰਮਤਿ ਵਿਚਾਰ ਪਤ੍ਰਕਾ' ਨੇ, ਹੋਰ ਕਈ ਅਖ਼ਬਾਰਾਂ ਅਤੇ ਜਥੇਬੰਦੀਆਂ ਨੇ ਇਹ ਵਾਰਨਿੰਗ ਦਿਤੀ ਕਿ ਸਿਖ ਸਰੂਪ ਦੇ ਸਿਗਰਟਨੋਸ਼ ਅਤੇ ਸ਼ਰਾਬੀ ਐਕਟਰਾਂ ਪਾਸੋਂ ਸਵਾਂਗ ਰਚਾ ਕੇ, ਫ਼ਿਲਮਾਂ ਡਰਾਮਿਆਂ ਆਦਿ ਦੀ ਪ੍ਰਵਾਨਗੀ ਦੇਣ ਦੇ ਗੰਭੀਰ ਸਿਟੇ ਨਿਕਲ ਸਕਦੇ ਹਨ। ਕਿਉਂਕਿ ਇਸਤੋਂ, ਪੰਜਾਬੀ ਦੇ ਅਖਾਣ ਅਨੁਸਾਰ, "ਸਹੇ ਦਾ ਨਹੀਂ ਪਹੇ ਦਾ ਡਰ" ਸੀ। ਫ਼ਿਲਮ-ਕੰਪਨੀਆਂ, ਸਿਖ ਇਤਿਹਾਸ ਨੂੰ ਆਪਣੇ ਸੁਆਰਥ ਲਈ ਤੋੜ-ਮਰੋੜ ਕੇ ਫ਼ਿਲਮਾਂ ਬਨਾਣਗੀਆਂ, ਜੋ ਗੁਰਮਤਿ ਦੇ ਸਿਧਾਂਤਾਂ ਅਤੇ ਸਿਖ ਕਲਚਰ ਦੇ ਪ੍ਰਤੀਕੂਲ ਹੋਵੇਗਾ।

ਪਰ ਸਾਡੇ ਧਾਰਮਕ ਆਗੂਆਂ ਨੇ, ਜੋ ਧਰਮ ਨਾਲੋਂ ਰਾਜਨੀਤੀ ਵਿਚ ਜ਼ਿਆਦਾ ਵਿਸ਼ਵਾਸ ਅਤੇ ਦਿਲ-ਚਸਪੀ ਰਖਦੇ ਹਨ, ਇਧਰ ਕੋਈ ਧਿਆਨ ਨ ਦਿਤਾ। ਨਤੀਜਾ ਇਹ ਹੋਇਆ ਕਿ ਸਿਖਾਂ ਦੀਆਂ ਕਈ ਫ਼ਿਲਮਾਂ ਤਿਆਰ ਹੋ ਗਈਆਂ ਤੇ ਕਈ ਡਰਾਮੇ ਖੇਡੇ ਗਏ। ਸਾਡੇ ਆਗੂ ਹਮੇਸ਼ਾ ਇਹ ਦਲੀਲ ਦੇਂਦੇ ਰਹੇ ਕਿ ਫ਼ਿਲਮਾਂ ਰਾਹੀਂ ਸਿਖ ਧਰਮ ਦਾ ਠੀਕ ਢੰਗ ਨਾਲ ਪ੍ਰਚਾਰ ਹੋਵੇਗਾ। ਗੋਇਆ, ਸਾਡੇ ਆਗੂਆਂ ਨੇ ਇਹ ਗੱਲ ਸਵੀਕਾਰ ਕਰ ਲਈ ਕਿ ਸ਼੍ਰੋ: ਗੁ: ਪ੍ਰ: ਕਮੇਟੀ ਆਪਣੇ ਤੌਰ ਤੇ ਧਰਮ ਪ੍ਰਚਾਰ ਕਰਨ ਵਿਚ ਅਸਫਲ ਹੋ ਗਈ ਹੈ। ਕਮੇਟੀ ਦੇ ਸਾਲਾਨਾ ਬਜਟ ਵਿਚ ਧਰਮ ਪ੍ਰਚਾਰ ਲਈ ਜੋ ਦਸ ਲਖ ਰੁਪਏ ਦਾ ਬਜਟ ਪ੍ਰਵਾਨ ਤੇ ਖ਼ਰਚ ਕੀਤਾ ਜਾਂਦਾ ਹੈ, ਉਹ ਸਭ ਨਿਸਫਲ ਹੈ ਤੇ ਹੁਣ ਧਰਮ ਪ੍ਰਚਾਰ ਦਾ ਕੰਮ ਫ਼ਿਲਮ ਕੰਪਨੀਆਂ ਨੂੰ ਸੌਂਪ ਦਿਤਾ ਗਿਆ ਜਾਪਦਾ ਹੈ। ਫ਼ਿਲਮਾਂ, ਡਰਾਮਿਆਂ ਅਤੇ ਨਾਟਕਾਂ ਤੋਂ ਧਰਮ ਪ੍ਰਚਾਰ ਦੀ ਆਸ ਰਖਣੀ, ਸਾਡੇ ਆਗੂਆਂ ਦੀ ਖ਼ੁਸ਼ਫ਼ਹਿਮੀ ਹੀ ਸਿਧ ਹੋਈ, ਕਿਉਂਕਿ ਅਜਿਹੀ ਕੋਈ ਇਕ ਮਿਸਾਲ ਨਹੀਂ ਮਿਲਦੀ ਕਿ ਫ਼ਿਲਮ ਵੇਖ ਕੇ ਕੋਈ ਸਿੰਘ ਸਜਿਆ ਹੋਵੇ ਜਾਂ ਕਿਸੇ ਪਤਿਤ ਨੇ ਗੁਰਸਿਖ ਬਣਨ ਦਾ ਸੰਕਲਪ ਕੀਤਾ ਹੋਵੇ।

ਫ਼ਿਲਮ-ਕੰਪਨੀਆਂ ਦਾ ਮਨੋਰਥ ਕੋਈ ਸੁਧਾਰ ਜਾਂ ਧਰਮ ਪ੍ਰਚਾਰ ਕਰਨਾ ਨਹੀਂ। ਓਹਨਾਂ ਦਾ ਮਕਸਦ ਤਾਂ ਵਧ ਤੋਂ ਵਧ ਦੌਲਤ ਕਮਾਣਾ ਅਤੇ ਲੋਕਾਂ ਨੂੰ ਉਲੂ ਬਣਾ ਕੇ ਅਯਾਸ਼ੀ ਅਤੇ ਅਸ਼ੀਲਤਾ ਨੂੰ ਬੜ੍ਹਾਵਾ ਦੇਣਾ ਹੈ। ਅਜ ਕਲ੍ਹ ਸਾਇੰਟਿਫ਼ਿਕ ਢੰਗ ਨਾਲ ਜੋ ਅਪਰਾਧ, ਚੋਰੀਆਂ, ਡਾਕੇ, ਕਤਲੋ ਖ਼ੂਨ, ਪਤ-ਲੁਟ ਅਤੇ ਅਗਵਾ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਇਹ ਸਭ ਫ਼ਿਲਮਾਂ ਦੀ ਦੇਣ ਹਨ। ਨਾਬਾਲਗ ਲੜਕੇ ਤੇ ਲੜਕੀਆਂ ਫ਼ਿਲਮੀ ਚਮਕ ਦਮਕ ਦੇ ਜਾਲ ਵਿਚ ਫਸ ਕੇ ਪਸ਼ੂ-ਬ੍ਰਿਤੀ ਅਤੇ ਵੇਸਵਾਵਾਂ ਤੋਂ ਵਧੀਕ ਸ਼ਰਮਨਾਕ ਫ਼ੇਅਲ ਕਰਦੇ ਫੜੇ ਗਏ।

ਕੋਈ ਫ਼ਿਲਮ, ਨਾਟਕ ਜਾਂ ਡਰਾਮਾ, ਭਾਵੇਂ ਕਿੰਨਾ ਹੀ ਸੁਧਾਰਵਾਦੀ ਅਤੇ ਧਰਮ ਕਰਮ ਦੇ ਖ਼ਿਆਲਾਂ ਨਾਲ ਭਰਪੂਰ ਹੋਵੇ, ਉਸਦਾ ਸ੍ਰੋਤਿਆਂ ਅਤੇ ਦਰਸ਼ਕਾਂ ਉਤੇ ਪ੍ਰਭਾਵ ਆਰਜ਼ੀ ਤੌਰ ਤੇ ਭਾਵੇਂ ਪੈ ਜਾਵੇ, ਕੋਈ ਦਰਦਨਾਕ ਦ੍ਰਿਸ਼ ਵੇਖ ਕੇ ਅਖਾਂ ਗਿਲੀਆਂ ਹੋ ਜਾਣ ਜਾਂ ਗਲਾ ਗੜ੍ਹਚ ਹੋ ਜਾਏ, ਪਰ ਸਿਨੇਮਾ-ਹਾਲ ਤੋਂ



www.AKJ.Org

ਬਾਹਰ ਨਿਕਲਦਿਆਂ ਹੀ ਉਹ ਸਾਰਾ ਪ੍ਰਭਾਵ ਉਡ ਪੁਡ ਜਾਏਗਾ, ਕਿਉਂਕਿ ਫ਼ਿਲਮਾਂ ਦੀ ਹਕੀਕਤ ਕੋਈ ਨਹੀਂ। ਕੋਈ ਅਮਲੀ ਜਾਂ ਵਾਸਤਵਿਕ ਪ੍ਰਥਾ ਨਹੀਂ। ਮੁਲੰਮੇ ਉਤੇ ਸੋਨੇ ਦਾ ਪਾਣੀ ਚੜ੍ਹਾਣ ਨਾਲ ਸ਼ੁਧ ਸੋਨਾ ਨਹੀਂ ਬਣ ਜਾਂਦਾ। ਫ਼ਿਲਮਾਂ ਤਾਂ ਲੋਕਾਂ ਦੇ ਮਨੋਰੰਜਨ ਲਈ ਆਧੁਨਿਕ ਸਾਧਨ ਹਨ।

ਆਉ ! ਜ਼ਰਾ ਵਿਚਾਰੀਏ, ਕੀ ਗੁਰੂ ਨਾਨਕ ਦੇਵ ਜੀ ਨੇ ਕੋਈ ਡਰਾਮੇ ਰਚ ਕੇ ਪ੍ਰਚਾਰ ਕੀਤਾ ਸੀ ? ਉਹਨਾਂ ਤਾਂ 'ਸਚੁ ਕੀ ਬਾਣੀ' ਅਤੇ ਇਕ ਅਕਾਲ ਪੁਰਖ ਦਾ ਗੁਰ-ਮੰਤਰ ਜਪਾ ਕੇ ਜਗਤ-ਜਲੰਦੇ ਦਾ ਉਧਾਰ ਕੀਤਾ ਅਤੇ ਨਾਟਕਾਂ ਚੇਟਕਾਂ ਨੂੰ "ਰੋਟੀਆਂ ਕਾਰਣਿ ਪੂਰਹਿ ਤਾਲ" ਕਹਿ ਕੇ ਨਿੰਦਿਆ ਸੀ। ਕੀ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਨਾਟਕ ਜਾਂ ਸਵਾਂਗ ਰਚ ਕੇ ਖਾਲਸਾ ਸਾਜਿਆ ਸੀ ? ਦੁਨੀਆ ਜਾਣਦੀ ਹੈ ਕਿ ਉਹਨਾਂ ਨੇ ਸਿਰ ਲੈ ਕੇ ਸਿਖੀ ਦਿਤੀ ਤੇ ਉਹਨਾਂ ਸਿਖਾਂ ਨੇ ਗੁਲਾਮੀ ਦੀਆਂ ਜੜ੍ਹਾਂ ਕਟ ਦਿਤੀਆਂ ਸਨ। ਅਜ ਅਮਰੀਕੀ ਲੋਕ ਸਿੰਘ ਸਜ ਰਹੇ ਹਨ। ਕੀ ਉਹ ਫ਼ਿਲਮਾਂ ਵੇਖ ਕੇ ਸਿਖ ਬਣੇ ਹਨ ? ਫ਼ਿਲਮਾਂ ਤਾਂ ਸਿਖ ਨੌਜਵਾਨਾਂ ਨੂੰ ਪਤਿਤ ਕਰ ਰਹੀਆਂ ਤੇ ਸਿਖੀ ਨੂੰ ਢਾਹ ਲਾ ਰਹੀਆਂ ਹਨ। ਨਕਲੀ ਦਾੜ੍ਹੀ ਮੁੱਛਾਂ ਲਾ ਕੇ ਦਾਰਾ ਸਿੰਘ ਜਾਂ ਕੋਈ ਹੋਰ ਐਕਟਰ, ਸਿਖ ਦਾ ਸਵਾਂਗ ਧਾਰ ਕੇ ਕੀ ਸਿਖੀ ਦਾ ਪ੍ਰਚਾਰ ਕਰੇਗਾ ? ਓਹ ਤਾਂ ਦੌਲਤ ਕਮਾਣ ਲਈ ਯਹੂਦੀ, ਈਸਾਈ, ਮੁਸਲਮਾਨ, ਫਕੀਰ, ਬਾਦਸ਼ਾਹ, ਭਗਤ ਜਾਂ ਰਾਖਸ਼ ਦਾ ਰੂਪ ਧਾਰ ਸਕਦਾ ਹੈ। ਫ਼ਿਲਮਾਂ ਰਾਹੀਂ ਸਿਖੀ ਪ੍ਰਚਾਰ ਦੀ ਆਸ ਰਖਣ ਵਾਲੇ ਭੁਲ ਗਏ ਹਨ ਕਿ ਸਿਖੀ ਸਭ ਤੋਂ ਸ੍ਰੇਸ਼ਟ, ਆਧੁਨਿਕ, ਸਰਲ ਅਤੇ ਸਾਦਾ ਧਰਮ ਹੈ, ਜੋ ਤਤੇ ਤਵੇ ਉਤੇ ਬੈਠ ਕੇ, ਉਬਲਦੀ ਦੇਗ ਵਿਚ ਉਬਲ ਕੇ, ਖੋਪਰੀਆਂ ਉਤਰਵਾ ਕੇ, ਜ਼ਿੰਦਾ ਬੱਚੇ ਨੇਜ਼ਿਆਂ ਵਿਚ ਪੁਰਵਾ ਕੇ, ਅਤੇ ਅੰਗ ਅੰਗ ਕਟਵਾ ਕੇ ਵਧਿਆ ਫੁਲਿਆ ਤੇ ਪ੍ਰਵਾਨ ਚੜ੍ਹਿਆ ਹੈ।

ਫ਼ਿਲਮਾਂ ਤੇ ਡਰਾਮਿਆਂ ਨੇ ਸਿਖੀ ਦਾ ਪ੍ਰਚਾਰ ਤਾਂ ਕੀ ਕਰਨਾ ਸੀ, ਮਖ਼ੌਲ ਜ਼ਰੂਰ ਉਡਾਇਆ ਹੈ। ਕਿਸੇ ਫ਼ਿਲਮ ਵਿਚ ਸਿਖ ਨੂੰ ਸ਼ਰਾਬ ਪੀਂਦਿਆਂ ਜਾਂ ਕੋਈ ਹੋਰ ਭੈੜਾ ਕੰਮ ਕਰਦਾ ਵਿਖਾਇਆ ਗਿਆ, ਕਿਸੇ ਫ਼ਿਲਮ ਵਿਚ ਸਿਖ ਸਰੂਪ ਦਾ ਮਖ਼ੌਲ ਉਡਾਇਆ ਗਿਆ। ਭਾਈ ਮਰਦਾਨਾ, ਬੇਬੇ ਨਾਨਕੀ, ਭਾਈ ਜੈਤਾ ਵਰਗੀਆਂ ਪਵਿਤ੍ਰ ਸ਼ਖ਼ਸੀਅਤਾਂ ਦੇ ਸਵਾਂਗ ਬਣਾਏ ਗਏ। ਕਿਧਰੇ ਨਿਹੰਗ ਸਿੰਘਾਂ ਦਾ ਪਾਰਟ ਅਦਾ ਕੀਤਾ ਗਿਆ।

ਇਸ ਰੁਚੀ ਦਾ ਨਤੀਜਾ ਇਹ ਹੋਇਆ ਕਿ ਸਿਖ ਨੌਜਵਾਨਾਂ ਦਾ ਝੁਕਾ ਫ਼ਿਲਮਾਂ ਵਲ ਵਧਦਾ ਜਾ ਰਿਹਾ ਹੈ ਤੇ ਦੂਸਰੇ ਪਾਸੇ ਗੁਰਦਵਾਰਿਆਂ ਅੰਦਰ ਸਵੇਰ ਵੇਲੇ ਗ੍ਰੰਥੀ ਜਾਂ ਰਾਗੀ ਸਿੰਘ ਹੀ ਵਿਖਾਈ ਦੇਂਦੇ ਹਨ। ਰੋਜ਼ਾਨਾ ਕੀਰਤਨ ਸੁਣਨ ਵਾਲੇ ਪ੍ਰੇਮੀ ਬਹੁਤ ਘਟ ਰਹਿ ਗਏ ਹਨ।

ਸਿਖਾਂ ਦੀਆਂ ਫ਼ਿਲਮਾਂ ਤੇ ਡਰਾਮਿਆਂ ਦੇ ਨਤੀਜੇ ਨਿਕਲਣੇ ਸ਼ੁਰੂ ਹੋ ਗਏ ਹਨ। ਪਿਛਲੇ ਦਿਨੀਂ ਉਤਰ ਪ੍ਰਦੇਸ਼ ਦੇ ਸ਼ਹਿਰ ਮੁਰਾਦ ਨਗਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਗੁਰਪੁਰਬ ਦੇ ਸੰਬੰਧ ਵਿਚ ਨਿਕਲੇ ਨਗਰ ਕੀਰਤਨ ਵਿਚ ਛੋਟੇ ਸਾਹਿਬ-ਜ਼ਾਦਿਆਂ ਨੂੰ ਕੰਧਾਂ ਵਿਚ ਚਿਣੇ ਜਾਣ ਦੀ ਝਾਕੀ ਵਿਖਾਈ ਗਈ। ਦੋ ਲੜਕਿਆਂ ਨੂੰ ਸਾਹਿਬਜ਼ਾਦਿਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਉਹ ਘਟਨਾ ਕੋਈ ਮਾਮੂਲੀ ਨਹੀਂ, ਸਗੋਂ ਅਗੋਂ ਹੋਣ ਵਾਲੀਆਂ ਘਟਨਾਵਾਂ ਦੀ ਵਾਰਨਿੰਗ ਹੈ। ਉਹ ਦਿਨ ਵੀ ਆਉਣ ਵਾਲਾ ਹੈ ਜਦੋਂ ਸ਼ਹੀਦਾਂ ਅਤੇ ਗੁਰੂ ਸਾਹਿਬਾਂ ਦੇ ਸਵਾਂਗ ਭੀ ਬਣਾਏ ਜਾਣਗੇ। ਕੀ ਸਾਡੇ ਧਾਰਮਕ ਆਗੂ ਹੁਣ ਵੀ ਕੁਝ ਸੋਚਣਗੇ ਜਾਂ ਬਿਲੀ ਨੂੰ ਵੇਖ ਕੇ ਕਬੂਤਰ ਵਾਂਗ ਅਖਾਂ ਬੰਦ ਕਰ ਲੈਣਗੇ ?

ਮੁਰਾਦ ਨਗਰ ਵਾਲੀ ਘਟਨਾ ਦੀ ਰਜ ਕੇ ਨਿੰਦਾ ਹੋਈ ਅਤੇ ਪ੍ਰਬੰਧਕਾਂ ਨੇ ਪ੍ਰਾਸਚਿਤ ਵੀ ਕੀਤਾ ਹੈ। ਪਰ ਸਵਾਲ ਇਹ ਹੈ ਕਿ ਇਹ ਘਟਨਾ ਹੋਈ ਕਿਉਂ ? ਇਸ ਦਾ ਜਵਾਬ ਸਾਫ਼ ਹੈ ਕਿ ਸਿਖਾਂ ਦੀਆਂ ਫ਼ਿਲਮਾਂ ਬਣਾਣ ਦੀ ਪ੍ਰਵਾਨਗੀ ਦੇਣੀ ਅਤੇ ਸਿਖ ਇਤਿਹਾਸ ਬਾਰੇ ਨਾਟਕ ਡਰਾਮੇ ਖੇਡਣੇ, ਧਰਮ ਪ੍ਰਚਾਰ ਦੇ ਨਾਂ ਉਤੇ ਗੁਰਦਵਾਰਿਆਂ ਅਤੇ ਹੋਰਨਾਂ ਥਾਵਾਂ ਉਤੇ

[ਬਾਕੀ ਸਫ਼ਾ ੨੦ ਦੇ ਹੇਠ]



www.AKJ.Org

# ਬੰਦੇ ਸੁਣ !

[ਵਲੋਂ :— ਸ: ਅਜੀਤ ਸਿੰਘ ਜੀ 'ਜੀਤ' ਬਰੇਲਵੀ]

ਛਡ ਮਾਇਆ ਦੇ ਝੂਠੇ ਧੰਧੇ, ਲਾਹ ਦੇ ਗਲ ਚੋਂ ਜਮ ਦੇ ਫੰਧੇ
ਮਨ ਨੂੰ ਲਾ ਆਪਣੇ ਗੁਰ ਸੰਦੇ, ਭਵ ਸਾਗਰ ਤੋਂ ਤਰਦਾ ਜਾ
ਇਤ ਬਿਧ ਆਪਣੇ ਪ੍ਰਭ ਨੂੰ ਪਾ।

ਥੋਹੜਾ ਖਾਣਾ ਥੋਹੜਾ ਸਉਣਾ, ਭਲਕੇ ਉਠ ਕੇ ਪ੍ਰਭੂ ਧਿਆਉਣਾ,
ਹਥੀਂ ਆਪਣੀ ਕਾਰ ਕਮਾਉਣਾ, ਅੰਮ੍ਰਿਤ ਵੇਲਾ ਨਿਤ ਨਿਭਾ...
ਚੁਗਲੀ ਨਿੰਦਾ ਅਤੇ ਬਖੀਲੀ, ਕੋਈ ਨ ਲੈ ਤੂੰ ਵਸਤ ਨਸ਼ੀਲੀ,
ਗਾ ਨਿਤ ਬਾਣੀ ਮਿਠੀ ਰਸੀਲੀ, ਗਾਡੀ ਰਾਹ ਤੇ ਚਲਦਾ ਜਾ...
ਝੂਠਾ ਸਾਰਾ ਮਨ ਦਾ ਮੰਦਰ, ਸਚ ਵਸਾ ਲੈ ਆਪਣੇ ਅੰਦਰ,
ਉਹ ਫਿਰ ਬਣ ਜਾਸੀ ਹਰਿ-ਮੰਦਰ, ਸਚੇ ਮਾਰਗ ਤੁਰਦਾ ਜਾ,
ਗ਼ਮ ਵਿਚ ਨਹੀਂ ਹੈ ਅਖ ਵਗਾਣੀ, ਖੁਸ਼ੀ ਵਿਚ ਨਹੀਂ ਪਤ ਉੜਾਣੀ,
ਦੁਖ-ਸੁਖ ਦੋਵੇਂ ਸਮ ਕਰ ਜਾਣੀਂ, ਸਮ-ਦ੍ਰਿਸ਼ਟੀ 'ਚ ਵਿਚਰਦਾ ਜਾ...
ਦਰਦ-ਮੰਦ ਦਾ ਦਰਦ ਹੈ ਹਰਨਾ, ਮਜ਼ਲੂਮਾਂ ਦੀ ਰਕਸ਼ਾ ਕਰਨਾ;
ਕਾਮ ਕ੍ਰੋਧ ਮੋਹ ਲੋਭ ਤੋਂ ਡਰਨਾ, ਹਉਮੈ ਰੋਗ ਵੀ ਤਿਆਗ ਵਿਖਾ...
ਹੁਕਮੀ ਆਉਣਾ ਹੁਕਮੀ ਜਾਣਾ, ਚਿੰਤਾ ਛਡ ਕੇ ਮੰਨਣਾ ਭਾਣਾ,
ਨਿਸ-ਦਿਨ ਜਸ ਗੁਰਬਾਣੀ ਗਾਣਾ, ਗੁਰਸਾਖੀ ਦੀ ਜੋਤ ਜਗਾ...
ਜੀਊਣਾ ਝੂਠ ਤੇ ਸਚ ਹੈ ਮਰਨਾ, ਮੂਲੋਂ ਘੁਥੇ ਸਰਪਰ ਰੁੜ੍ਹਨਾ,
ਚੌਰਾਸੀ ਨੂੰ ਕਿਤ ਬਿਧ ਤਰਨਾ ? ਮੁਰਗਾਈ ਦੇ ਵਾਂਗ ਨਿਭਾ...
ਸ਼ੁਭ ਕਰਮਾਂ ਤੇ ਜੀਵਨ ਲਾ, ਕਿਰਤੀ ਬਣ ਕੇ ਛਕ ਛਕਾ,
ਮਾਇਆ ਵਿਖੇ ਨਾ ਚਿਤ ਡੁਲਾ, ਮਨ ਜਿਤ ਕੇ ਜੱਗ, 'ਜੀਤ' ਵਿਖਾ...

['ਖ਼ਾਲਸਾ ਸਮਾਚਾਰ' 'ਚੋਂ ਧੰਨਵਾਦ ਸਹਿਤ

---

ਡਾਕੂਮੈਂਟਰੀ ਫ਼ਿਲਮਾਂ ਵਿਖਾਣ ਦੀ ਪ੍ਰਪਾਟੀ ਨੇ ਹਾਲਤ ਇਹ ਪੈਦਾ ਕਰ ਦਿਤੀ ਹੈ ਕਿ ਹੁਣ 'ਪਹੇ' ਦੇ ਹੋਰ ਖਿਲਰਨ ਨੂੰ ਰੋਕਣਾ ਮੁਸ਼ਕਲ ਹੋ ਗਿਆ ਹੈ। ਆਏ ਦਿਨ ਕੋਈ ਨ ਕੋਈ ਨਵਾਂ ਨਾਟਕ,ਕੋਈ ਨਵਾਂ ਡਰਾਮਾ, ਕੋਈ ਨਵਾਂ ਸ਼ੋਸ਼ਾ ਸਾਹਮਣੇ ਆ ਜਾਂਦਾ ਹੈ। ਸਭ ਤੋਂ ਵਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਨਾਟਕ ਲਿਖਣ ਵਾਲੇ ਚੰਗੇ ਸੁਘੜ, ਗੁਰਮਤਿ ਤੋਂ ਭਲੀ ਪ੍ਰਕਾਰ ਜਾਣੂ ਅਤੇ ਸੂਝ ਬੂਝ ਵਾਲੇ ਵਿਦਵਾਨ ਭੀ ਇਸ ਹੜ ਵਿਚ ਮਾਇਆ ਕਮਾਣ ਲਈ ਤਾਰੀਆਂ ਲਾਣ ਲਗ ਪਏ ਹਨ। ਇਕ ਸਿਖ ਲਿਖਾਰੀ ਨੇ ਆਪਣੇ ਇਤਿਹਾਸਿਕ ਨਾਵਲ ਨੂੰ ਫਿਲਮ ਕੰਪਨੀ ਦੇ ਹਵਾਲੇ ਕਰ ਦਿਤਾ ਹੈ। ਜਿਥੇ ਕਿਧਰੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਪੁਰਬ ਮਨਾਇਆ ਜਾਂਦਾ ਹੈ, ਉਥੇ ਨਾਲ ਹੀ ਡਰਾਮਾ ਖੇਡਿਆ ਜਾਂਦਾ ਹੈ ਜਾਂ ਫ਼ਿਲਮ ਵਿਖਾਣ ਦਾ ਐਲਾਨ ਕੀਤਾ ਜਾਂਦਾ ਹੈ। ਗੱਲ ਕੀ, ਹੁਣ ਸਿਖ ਇਤਿਹਾਸ ਨੂੰ 'ਰਾਮ ਲੀਲ੍ਹਾ' ਦੀ ਪਧਰ ਉਤੇ ਲਿਆਂਦਾ ਜਾ ਰਿਹਾ ਹੈ। ਇਸ ਦਾ ਹਸ਼ਰ ਕੀ ਹੋਵੇਗਾ ? ਇਸ ਗੱਲ ਦਾ ਉਤਰ ਆਉਣ ਵਾਲਾ ਸਮਾਂ ਦੇਵੇਗਾ ਕਿ ਸਾਡੇ ਆਗੂ ਕੀ ਰਵੱਈਆ ਧਾਰਨ ਕਰਦੇ ਹਨ।



www.AKJ.Org

# "ਉਸਤਤਿ ਨਿੰਦਾ ਦੋਊ ਤਿਆਗੈ"

[ਵਲੋਂ :— ਗਿ: ਦੀਦਾਰ ਸਿੰਘ ਜੀ, ਰੋਪੜ]

ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ਰਹਾਉ॥ ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥ ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ ਜਨ ਨਾਨਕ ਇਹੁ ਖੇਲੁ ਕਠਿਨੁ ਹੈ ਕਿਨਹੂ ਗੁਰਮੁਖਿ ਜਾਨਾ ॥੨॥੨॥

[ਗਉੜੀ ਮ: ੯, ਪੰਨਾ ੨੧੯

ਉਪਰਲੀ ਬਾਣੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਉਚਾਰਨ ਕੀਤੀ ਹੋਈ ਹੈ, ਜਿਸ ਵਿਚ ਮਹਾਰਾਜ ਸਾਨੂੰ ਉਸਤਤਿ ਅਤੇ ਨਿੰਦਿਆ ਦੋਹਾਂ ਨੂੰ ਤਿਆਗ ਦੇਣ ਦਾ ਉਪਦੇਸ਼ ਦੇਂਦੇ ਹਨ।

ਉਸਤਤਿ ਦਾ ਅਰਥ ਹੈ ਜਸ, ਵਡਿਆਈ, ਸਿਫਤ ਜਾਂ ਖ਼ੁਸ਼ਾਮਦ। ਨਿੰਦਾ ਦਾ ਅਰਥ ਹੈ ਕਿਸੇ ਨੂੰ ਬੁਰਾ ਜਾਂ ਭੈੜਾ ਕਹਿਣਾ। ਅਸਲ ਤੇ ਠੀਕ ਗੱਲ ਨੂੰ ਵਧਾ ਚੜ੍ਹਾ ਕੇ ਜਾਂ ਭੰਨ ਤਰੋੜ ਕੇ ਪ੍ਰਗਟ ਕਰਨ ਨੂੰ ਨਿੰਦਾ ਕਰਨਾ ਕਿਹਾ ਜਾਂਦਾ ਹੈ।

ਜਦ ਅਸੀਂ ਕਿਸੇ ਦੀ ਛੋਟੀ ਜਿਹੀ ਚੰਗੀ ਗੱਲ ਨੂੰ ਵਧਾ ਚੜ੍ਹਾ ਕੇ ਇਸ ਤਰ੍ਹਾਂ ਪ੍ਰਗਟ ਕਰਦੇ ਹਾਂ ਕਿ ਉਹ ਮਨੁਖ ਨਿਰਾ ਚੰਗਿਆਈ ਦਾ ਹੀ ਪੁਤਲਾ ਹੈ, ਤਾਂ ਇਹ ਝੂਠ ਹੁੰਦਾ ਹੈ। ਅਤੇ ਇਸੇ ਨੂੰ ਖ਼ੁਸ਼ਾਮਦ ਜਾਂ ਉਸਤਤ ਕਹਿੰਦੇ ਹਨ।

ਇਸੇ ਤਰ੍ਹਾਂ ਜਦ ਅਸੀਂ ਕਿਸੇ ਦੀ ਮਾੜੀ ਮੋਟੀ ਗ਼ਲਤੀ ਜਾਂ ਕਮਜ਼ੋਰੀ ਨੂੰ ਵਧਾ ਚੜ੍ਹਾ ਕੇ ਪ੍ਰਗਟ ਕਰਦੇ ਹਾਂ ਤਾਂ ਇਹ ਵੀ ਝੂਠ ਹੋਣ ਕਾਰਨ ਨਿੰਦਿਆ ਹੁੰਦੀ ਹੈ। ਸੋ ਇਸ ਤਰ੍ਹਾਂ ਉਸਤਤ ਕਰਨਾ ਜਾ ਨਿੰਦਿਆ ਕਰਨਾ ਝੂਠ ਬੋਲਣਾ ਹੈ। ਇਸੇ ਕਰਕੇ ਮਹਾਰਾਜ ਨੇ ਇਨ੍ਹਾਂ ਦੋਹਾਂ ਨੂੰ ਤਿਆਗ ਦੇਣ ਦਾ ਉਪਦੇਸ਼ ਦਿਤਾ ਹੈ।

ਖ਼ੁਸ਼ਾਮਦੀ ਅਤੇ ਨਿੰਦਕ ਦੋਵੇਂ ਝੂਠ ਬੋਲਦੇ ਹਨ ਅਤੇ ਝੂਠ ਬੋਲਣ ਵਾਲੇ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ—

ਕੂੜੁ ਬੋਲਿ ਮੁਰਦਾਰੁ ਖਾਇ ॥

[ਮਹਲਾ ੧ ਵਾਰ ਮਾਝ, ੧੪੦

ਸਤਿਗੁਰਾਂ ਦਾ ਉਪਦੇਸ਼ ਤਾਂ ਇਹ ਦ੍ਰਿੜ੍ਹ ਕਰਾਉਂਦਾ ਹੈ ਕਿ ਨਾ ਘਟ ਤੇ ਨਾ ਵਧ ਗੱਲ ਕਰੀਏ, ਸਗੋਂ ਠੀਕ ਤੇ ਸੱਚ ਕਹੀਏ। ਪਰ ਇਹ ਨਿੰਦਾ ਅਤੇ ਉਸਤਤਿ ਕਰਨ ਦਾ ਮਾਨਸਿਕ ਰੋਗ ਐਸਾ ਹੈ ਕਿ ਇਸ ਤੋਂ ਬਚਣਾ ਬੜਾ ਮੁਸ਼ਕਲ ਹੋ ਜਾਂਦਾ ਹੈ।

ਨਿੰਦਾ ਅਤੇ ਉਸਤਤਿ ਕਰਨ ਵਾਲੇ ਨੂੰ ਕਿਸੇ ਦੀ ਨਿੰਦਾ ਜਾਂ ਉਸਤਤਿ ਕਰਨ ਲਈ ਬਾਰ ਬਾਰ ਝੂਠ ਬੋਲਣਾ ਪੈਂਦਾ ਹੈ ਅਤੇ ਜਿਤਨਾ ਕੋਈ ਜ਼ਿਆਦਾ ਝੂਠ ਬੋਲਦਾ ਹੈ ਉਤਨਾ ਜ਼ਿਆਦਾ ਉਸ ਦਾ ਮਨ ਮੈਲਾ ਹੁੰਦਾ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ—

"ਮਨਿ ਮੈਲੈ, ਸਭੁ ਕਿਛੁ ਮੈਲਾ,
ਤਨਿ ਧੋਤੈ ਮਨੁ ਹਛਾ ਨ ਹੋਇ ॥

[ਵਡਹੰਸ ਮ: ੩, ਪੰਨਾ ੫੫੮

ਮੈਲੇ ਮਨ ਵਾਲੇ ਮਨੁੱਖ ਦੇ ਬੋਲ ਮੈਲੇ ਹੋ ਜਾਂਦੇ ਹਨ। ਜਦ ਉਸ ਦੀ ਸੋਚ, ਉਸ ਦੇ ਵਿਚਾਰ ਤੇ ਫਿਰ ਜਦ ਉਸ ਦੇ ਕਾਰ-ਵਿਹਾਰ ਵਿਚ ਵੀ ਮੈਲ ਹੋਣ ਲਗ ਜਾਂਦੀ ਹੈ ਤਾਂ ਉਸ ਦਾ ਅਸਰ ਕੇਵਲ ਉਸ ਮਨੁੱਖ ਉਪਰ ਹੀ ਮੈਲਾ ਨਹੀਂ ਹੁੰਦਾ ਸਗੋਂ ਉਸ ਦੇ ਪਰਵਾਰ, ਉਸ ਦੇ ਬਾਲ ਬੱਚਿਆਂ ਉਤੇ ਵੀ ਉਸ ਮੈਲ ਦਾ ਅਸਰ ਹੋਣ ਲਗ ਜਾਂਦਾ ਹੈ, ਜਿਸ ਦੇ ਬਹੁਤੇ ਭਿਆਨਕ ਸਿੱਟੇ ਨਿਕਲਦੇ ਹਨ। ਇਸੇ ਲਈ ਗੁਰੂ ਤੇਗ ਬਹਾਦਰ ਸਾਹਿਬ ਸਾਨੂੰ ਉਪਦੇਸ਼ ਦਿੰਦੇ ਹਨ :

ਉਸਤਤਿ ਨਿੰਦਾ ਦੋਊ ਤਿਆਗੈ,
ਖੋਜੈ ਪਦੁ ਨਿਰਬਾਨਾ ॥

ਅਸਲ ਗੱਲ ਇਹ ਹੈ ਕਿ ਸਾਡਾ ਆਲਾ ਦੁਆਲਾ, ਸਾਡੇ ਮਿਤਰ ਦੋਸਤ, ਸਾਡੇ ਸਾਕ ਸਨਬੰਧੀ ਉਦੋਂ ਤਕ



www.AKJ.Org

ਖ਼ੁਸ਼ ਰਹਿੰਦੇ ਹਨ ਜਦੋਂ ਤਕ ਅਸੀਂ ਉਨ੍ਹਾਂ ਦੀ ਹਰ ਠੀਕ ਅਤੇ ਗ਼ਲਤ ਗੱਲ ਦੀ ਹਾਮੀ ਭਰਦੇ ਰਹੀਏ। ਠੀਕ ਨੂੰ ਠੀਕ ਤਾਂ ਕਹਿਣਾ ਹੀ ਹੈ, ਪਰ ਜਦ ਉਨ੍ਹਾਂ ਦੀ ਗਲਤ ਗੱਲ ਨੂੰ ਵੀ ਅਸੀਂ ਠੀਕ ਕਹਿਣ ਲਗ ਜਾਂਦੇ ਹਾਂ ਤਾਂ ਸਮਝੋ ਉਨ੍ਹਾਂ ਨੂੰ ਸ਼ਹਿ ਦੇਣ ਲਗ ਜਾਂਦੇ ਹਾਂ। ਇਹ ਸ਼ਹਿ ਦੇਣੀ ਵੀ ਝੂਠੀ ਖ਼ੁਸ਼ਾਮਦ ਹੀ ਹੁੰਦੀ ਹੈ, ਜੋ ਦੂਜੇ ਸ਼ਬਦਾਂ ਵਿਚ ਝੂਠ ਹੀ ਹੁੰਦਾ ਹੈ। ਜੇ ਐਸਾ ਨਹੀਂ ਕਰਦੇ ਤਾਂ ਮਿਤਰ ਦੋਸਤ ਰਾਜ਼ੀ ਨਹੀਂ ਰਹਿੰਦੇ।

ਸੋ ਅਸੀਂ ਇਨ੍ਹਾਂ ਦੋਸਤਾਂ-ਰਿਸ਼ਤੇਦਾਰਾਂ ਜਾਂ ਲੀਡਰਾਂ ਨੂੰ ਖ਼ੁਸ਼ ਰਖਣ ਲਈ, ਜਾਂ ਇਨ੍ਹਾਂ ਲੋਕਾਂ ਤੋਂ ਵਾਹ ਵਾਹ ਲੈਣ ਲਈ, ਜਾਂ ਇਨ੍ਹਾਂ ਦੀਆਂ ਨਜ਼ਰਾਂ ਵਿਚ ਚੰਗਾ ਬਣਨ ਲਈ ਹੀ ਝੂਠੀ ਖ਼ੁਸ਼ਾਮਦ ਕਰਦੇ ਹਾਂ। ਸਹੀ ਅਰਥਾਂ ਵਿਚ ਲੋਕਾਂ ਨੂੰ ਖ਼ੁਸ਼ ਕਰਨ ਲਈ ਹੀ ਅਸੀਂ ਝੂਠ ਬੋਲਦੇ ਹਾਂ ਅਤੇ ਰਜ ਕੇ ਬੋਲਦੇ ਹਾਂ।

ਇਸ ਤਰ੍ਹਾਂ ਕਰਦੇ ਹੋਏ ਅਸੀਂ ਗੁਰੂ ਸਾਹਿਬ ਦਾ ਉਪਦੇਸ਼ ਬਿਲਕੁਲ ਭੁਲ ਜਾਂਦੇ ਹਾਂ। ਸਾਡੇ ਵਿਚ ਇਹ ਬੀਮਾਰੀ ਦਿਨੋ ਦਿਨ ਇਤਨੀ ਵਧ ਗਈ ਹੈ ਕਿ ਸਾਡੇ ਰਾਗੀ, ਪਾਠੀ, ਪ੍ਰਚਾਰਕ ਗੁਰਦੁਆਰਿਆਂ ਦੇ ਪ੍ਰਬੰਧਕ ਜਿਨ੍ਹਾਂ ਨੇ ਸਾਨੂੰ ਇਸ ਗਲਤ ਆਦਤ ਤੋਂ ਹਟਾਉਣਾ ਸੀ, ਉਹ ਆਪ ਇਸ ਬੀਮਾਰੀ ਵਿਚ ਬੁਰੀ ਤਰ੍ਹਾਂ ਫਸ ਗਏ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵੀ ਦੂਜਿਆਂ ਦੀ ਝੂਠੀ ਪ੍ਰਸੰਸਾ ਕਰਨ ਤੋਂ ਨਹੀਂ ਸ਼ਰਮਾਉਂਦੇ। ਅਜਿਹੇ ਭਦਰ ਪੁਰਸ਼ ਧਰਮ ਜਾਂ ਪਰਮਾਰਥ ਨੂੰ ਇਕ ਖੇਡ ਹੀ ਬਣਾਈ ਫਿਰਦੇ ਹਨ। ਭਗਤ ਕਬੀਰ ਜੀ ਅਜਿਹਿਆਂ ਦਾ ਪਾਜ ਉਘੇੜਦਿਆਂ ਕਹਿੰਦੇ ਹਨ ਕਿ—

ਲੋਗਨ ਰਾਮੁ ਖਿਲਉਨਾ ਜਾਨਾਂ ॥੧॥ (੧੧੫੮)

ਮਨੁੱਖਾਂ ਨੂੰ ਆਪਣੀ ਵਡਿਆਈ ਕਰਾਉਣ ਦਾ ਬੜਾ ਝਸ ਹੈ ਅਤੇ ਇਹ ਆਪਣੀ ਪ੍ਰਸੰਸਾ ਕਰਾਉਣ ਖ਼ਾਤਰ ਹੀ ਮਾਇਆ ਦੇ ਗਫੇ ਦੇ ਕੇ ਇਨ੍ਹਾਂ ਧਾਰਮਕ ਲੋਕਾਂ ਨੂੰ ਰੀਝਾਉਂਦੇ ਹਨ। ਉਹ ਧਾਰਮਿਕ ਮੁਹਾਣੇ ਉਨ੍ਹਾਂ ਲੋਕਾਂ ਦੇ ਔਗੁਣਾਂ ਤੇ ਬੁਰਿਆਈਆਂ ਨੂੰ ਜਾਣਦੇ ਹੋਇਆਂ ਉਨ੍ਹਾਂ ਨੂੰ ਖ਼ੁਸ਼ ਕਰਨ ਲਈ, ਅਣਹੋਈ ਉਸਤਤਿ ਕਰਦੇ ਥਕਦੇ ਨਹੀਂ।

ਅਸੀਂ ਭਾਵੇਂ ਕਿਤਨੇ ਸ਼ਰਾਬੀ ਹੋਈਏ, ਕਿਤਨੇ ਹਰਾਮ ਦੀ ਕਮਾਈ ਕਰਨ ਵਾਲੇ ਵਢੀ-ਖੋਰ, ਚੋਰ-ਯਾਰ ਅਤੇ ਜੁਆਰੀਏ ਕਿਉਂ ਨ ਹੋਈਏ, ਪਰ ਸਾਨੂੰ ਪ੍ਰਸੰਸਾ ਕਰਾਉਣ ਦੀ ਆਦਤ ਬਹੁਤ ਹੈ ਅਤੇ ਪ੍ਰਸੰਸਾ ਨਾਲ ਹੀ ਖ਼ੁਸ਼ ਹੁੰਦੇ ਹਾਂ, ਇਸ ਲਈ ਕੁਝ ਭੇਟਾ ਦੇ ਕੇ ਜਿਥੇ ਆਪਣੇ ਐਬ (ਦੋਸ਼) ਛੁਪਾਉਣ ਦੀ ਕੋਸ਼ਸ਼ ਕਰਦੇ ਹਾਂ, ਉਥੇ ਲੋਕਾਂ ਦੇ ਸਾਹਮਣੇ ਦਾਨੀ, ਪਰ-ਉਪਕਾਰੀ ਤੇ ਚੰਗੇ ਹੋਣ ਦੀ ਕੋਸ਼ਸ਼ ਵੀ ਕਰਦੇ ਰਹਿੰਦੇ ਹਾਂ।

ਥੋੜ੍ਹੇ ਜਿਹੇ ਪੈਸਿਆਂ ਪਿਛੇ ਇਕ ਐਬੀ, ਦੋਸ਼ੀ ਜਾਂ ਪਾਪੀ ਨੂੰ ਗੁਰਮੁਖ ਕਹਿਣਾ, ਇਕ ਵਢੀ-ਖੋਰ ਜਾਂ ਬੇਈਮਾਨੀ ਦੀ ਕਮਾਈ ਕਰਨ ਵਾਲੇ ਨੂੰ ਬੜਾ ਦਾਨੀ ਜਾਂ ਪਰਉਪਕਾਰੀ ਕਹਿਣਾ ਮਹਾਨ ਝੂਠ ਅਤੇ ਮਹਾਨੇ ਪਾਪ ਹੈ।

ਅਸੀਂ ਆਪਣੀ ਸਿਫ਼ਤ ਜਾਂ ਵਡਿਆਈ ਸੁਣ ਜਾਂ ਵੇਖ ਕੇ ਬਹੁਤ ਖ਼ੁਸ਼ ਹੁੰਦੇ ਹਾਂ। ਇਹੋ ਕਾਰਨ ਹੈ ਕਿ ਗੁਰਦੁਆਰਿਆਂ ਦੇ ਪੱਖਿਆਂ ਉਤੇ, ਕੰਧਾਂ ਅਤੇ ਫ਼ਰਸ਼ਾਂ ਉਪਰ ਆਪਣੇ ਨਾਂ ਲਿਖਵਾ ਕੇ ਆਪਣੇ ਧਰਮੀ ਹੋਣ ਦਾ ਢੰਢੋਰਾ ਪਿਟਵਾਉਂਦੇ ਹਾਂ। ਅਜਿਹੇ ਨਾਂਵਾਂ ਨਾਲ ਗੁਰ-ਅਸਥਾਨਾਂ ਦੀਆਂ ਕੰਧਾਂ ਤੇ ਫ਼ਰਸ਼ ਕਾਲੇ ਹੋਏ ਪਏ ਹੁੰਦੇ ਹਨ। ਜੇ ਗਲਤੀ ਨਾਲ ਅਰਦਾਸੀਆ ਸਿੰਘ ਕਿਸੇ ਦੇ ਦਿਤੇ ਸਵਾ ਰੁਪਏ ਦੀ ਅਰਦਾਸ ਕਰਨਾ ਭੁਲ ਜਾਏ ਤਾਂ ਅਸੀਂ ਗੁੱਸੇ ਵਿਚ ਆ ਕੇ ਉਸ ਉਤੇ ਟੁਟ ਪੈਂਦੇ ਹਾਂ ਕਿ ਸਾਡਾ ਨਾਂ ਕਿਉਂ ਨਹੀਂ ਲਿਆ ਗਿਆ? ਜਦ ਅਸੀਂ ਜਾਣਦੇ ਹਾਂ ਕਿ ਪ੍ਰਭੂ ਅੰਤਰਜਾਮੀ ਹੈ ਅਤੇ ਉਹ—

ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ
ਬੁਰੇ ਕੀ ਪੀਰ ਪਛਾਨਤ ॥ [ਚੌਪਈ ਪਾ: ੧੦

ਅਤੇ ਇਹ ਵੀ ਪੜ੍ਹਦੇ ਹਾਂ—

ਪ੍ਰਭ ਮੇਰਾ ਅੰਤਰਜਾਮੀ ਜਾਣੁ ॥ [੧੩੨੩

ਫਿਰ ਜੇ ਗਲਤੀ ਨਾਲ ਸਾਡਾ ਨਾਂ ਅਰਦਾਸ ਵਿਚ ਲੈਣਾ ਰਹਿ ਜਾਏ ਤਾਂ ਅਸੀਂ ਕਿਉਂ ਮਹਿਸੂਸ ਕਰਦੇ ਹਾਂ? ਇਹ ਇਸ ਲਈ ਹੈ ਕਿਉਂਕਿ ਸਾਡਾ ਇਹ ਗਲਤ ਸੁਭਾਉ ਪਕ ਗਿਆ ਹੈ।



www.AKJ.Org

ਮਨੁਖ ਤਾਂ ਗਲਤੀ ਦਾ ਪੁਤਲਾ ਹੈ। ਇਹ ਭੁਲਣ-ਹਾਰ ਜੀਵ ਕਦਮ ਕਦਮ ਤੇ ਭੁਲਦਾ ਹੈ। ਕਿਸੇ ਦੀ ਇਕ ਅੱਧ ਗੱਲ ਨੂੰ ਉਛਾਲਣਾ, ਉਸ ਵਿਚ ਹੰਕਾਰ ਦਾ ਪ੍ਰਭਾਵ ਵਧਾਉਣਾ ਹੁੰਦਾ ਹੈ। ਉਹ ਇਤਨਾ ਚੰਗਾ ਅਤੇ ਉਪਕਾਰੀ ਹੁੰਦਾ ਨਹੀਂ ਜਿਤਨਾ ਕਿ ਉਸਤਤਿ ਦੇ ਪੁਲ ਬੰਨ੍ਹ ਬੰਨ੍ਹ ਕੇ ਉਸ ਨੂੰ ਚੰਗਾ ਕਿਹਾ ਜਾਂਦਾ ਹੈ। ਇਹ ਯਾਦ ਰਹਿਣਾ ਚਾਹੀਦਾ ਹੈ ਕਿ ਜੇ ਇਕ ਅਧੀ ਗੱਲ ਮਨੁੱਖ ਚੰਗੀ ਕਰ ਦੇਂਦਾ ਹੈ ਤਾਂ ਉਸ ਦੇ ਨਾਲ ਹੀ ਉਹ ਦਸ ਭੈੜੀਆਂ ਵੀ ਗੱਲਾਂ ਕਰਦਾ ਹੈ। ਇਸੇ ਲਈ ਗੁਰੂ ਅਰਜਨ ਦੇਵ ਪਾਤਿਸ਼ਾਹ ਜੀਵ ਨੂੰ ਉਪਦੇਸ਼ ਦਿੰਦੇ ਹਨ—

ਉਸਤਤਿ ਮਨ ਮਹਿ ਕਰਿ ਨਿਰੰਕਾਰ ॥੧੪॥੨॥
[ਸੁਖਮਨੀ

ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਬੜੇ ਵਿਸਥਾਰ ਵਿਚ ਸਮਝਾਉਂਦੇ ਹਨ ਕਿ ਕਿਸੇ ਦੀ ਉਸਤਤਿ ਨਿੰਦਾ ਵਿਚ ਪੈਣ ਦੀ ਥਾਂ ਆਪਣੇ ਆਪੇ ਦੀ ਪਛਾਣ ਕਰੋ ਅਤੇ ਜਗਤ-ਪਿਤਾ ਵਾਹਿਗੁਰੂ ਦੀ ਉਸਤਤ ਕਰ ਕੇ ਉਸ ਨੂੰ ਰੀਝਾਵੋ। ਗੁਰਵਾਕ ਹੈ--

ਉਸਤਤਿ ਨਿੰਦਾ ਕਿਸ ਕੀ ਕੀਜੈ ॥ ਚੀਨਹੁ ਆਪੁ, ਜਪਹੁ ਜਗਦੀਸਰੁ, ਹਰਿ ਜਗੰਨਾਥੁ ਮਨਿ ਭਾਇਆ ॥ [ਮਾਰੂ ਮ: ੧, ਪੰ: ੧੦੪੧

(੨)

ਜਿਥੇ ਸਾਨੂੰ ਆਪਣੀ ਉਸਤਤਿ ਕਰਨ ਕਰਾਉਣ ਦਾ ਰੋਗ ਹੈ ਉਥੇ ਦੂਜੇ ਦੀ ਨਿੰਦਿਆ ਕਰਨ ਅਤੇ ਸੁਣਨ ਦੀ ਬੀਮਾਰੀ ਇਤਨੀ ਜ਼ਿਆਦਾ ਹੈ ਕਿ ਰਹੇ ਰੱਬ ਦਾ ਨਾਂ।

ਕਿਸੇ ਦੀ ਮਾੜੀ ਮੋਟੀ ਗ਼ਲਤੀ ਜਾਂ ਕਮਜ਼ੋਰੀ ਨੂੰ ਸੁਆਦ ਲਾ ਲਾ ਕੇ ਦਸਣ ਵਿਚ ਜਾ ਸੁਣਨ ਵਿਚ ਜਦ ਅਸੀਂ ਮਜ਼ਾ ਲੈਂਦੇ ਹਾਂ ਤਾਂ ਉਸ ਵੇਲੇ ਮਹਾਰਾਜ ਦਾ ਇਹ ਸ਼ਬਦ ਭੁਲ ਜਾਂਦੇ ਹਾਂ :—

ਨਿੰਦਾ ਭਲੀ ਕਿਸੈ ਕੀ ਨਾਹੀ, ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ, ਨਰਕੇ ਘੋਰਿ ਪਵੰਨਿ ॥੬॥
[ਸੂਹੀ ਮ: ੩, ਪੰਨਾ ੭੫੫

ਉਪਰਲੀਆਂ ਪੰਗਤੀਆਂ ਵਿਚ ਸਪੱਸ਼ਟ ਹੈ ਕਿ ਨਿੰਦਾ ਕਰਨੀ ਕਿਸੇ ਦੀ ਵੀ ਚੰਗੀ ਨਹੀਂ ਅਤੇ ਜੋ ਕੁਝ ਨਿੰਦਕਾਂ ਦਾ ਹਾਲ ਹੁੰਦਾ ਹੈ ਉਹ ਵੀ ਮਹਾਰਾਜ ਸਾਫ਼ ਲਿਖ ਰਹੇ ਹਨ। ਪਰ ਸਾਡਾ ਐਸਾ ਸੁਭਾਉ ਗ਼ਲਤ ਪੈ ਗਿਆ ਹੈ ਕਿ ਸਾਡੇ ਉਤੇ ਅਸਰ ਹੁੰਦਾ ਹੀ ਨਹੀਂ। ਤਾਂਹੀ ਗੁਰੂ ਸਾਹਿਬ ਇਕ ਥਾਂ ਲਿਖਦੇ ਹਨ :

ਅਵਖਧ ਸਭੇ ਕੀਤੀਅਨੁ,
ਨਿੰਦਕ ਕਾ ਦਾਰੂ ਨਾਹਿ ॥
[ਵਾਰ ਗਉੜੀ, ੩੧੫

ਭਾਵ—ਸਭ ਰੋਗਾਂ, ਸਭ ਬੀਮਾਰੀਆਂ ਦਾ ਇਲਾਜ ਹੈ, ਪਰ ਨਿੰਦਾ ਕਰਨ ਵਾਲੇ ਲਈ ਕੋਈ ਇਲਾਜ ਨਹੀਂ। ਅਰਥਾਤ ਨਿੰਦਕ ਦੀ ਇਹ ਨਿੰਦਿਆ ਕਰਨ ਦੀ ਬੀਮਾਰੀ ਲਾ-ਇਲਾਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਦਾ ਇਕ ਸ਼ਬਦ ਹੈ—

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥
ਨਿੰਦਾ ਜਨ ਕਉ ਖਰੀ ਪਿਆਰੀ ॥ ਨਿੰਦਾ ਬਾਪੁ, ਨਿੰਦਾ ਮਹਤਾਰੀ ॥ [ਗਉੜੀ, ੩੩

ਭਗਤ ਜੀ ਨਿੰਦਾ ਕਰਨ ਵਾਲ਼ੇ ਨੂੰ ਮਾਤਾ ਪਿਤਾ ਜਿਤਨਾ ਸਤਿਕਾਰ (ਪਿਆਰ) ਇਸ ਲਈ ਦੇਂ ਹਨ, ਕਿਉਂਕਿ ਬੱਚੇ ਨੂੰ ਪਾਲਣ ਲਈ ਮਾਂ ਪਿ ਬੱਚੇ ਲਈ ਜਿਥੇ ਸਭ ਕਸ਼ਟ ਸਹਾਰਦੇ ਹਨ ਉਥੇ ਬੱਚੇ ਦਾ ਮਲ-ਮੂਤਰ (ਟੱਟੀ-ਪਿਸ਼ਾਬ) ਵੀ ਚੁਕਣ ਰਤਾ ਜਿੰਨਾ ਵੀ ਸੰਕੋਚ ਨਹੀਂ ਕਰਦੀ।

ਹਮਰੇ ਕਪਰੇ ਨਿੰਦਕੁ ਧੋਇ ॥੧॥

ਅਨੁਸਾਰ ਨਿੰਦਕ ਮਾਂ ਪਿਉ ਦਾ ਦਰਜਾ ਇਸੇ ਲ ਰਖਦਾ ਹੈ ਕਿਉਂਕਿ ਨਿੰਦਕ ਉਸ ਸਾਫ਼ ਹਿਰਦੇ ਵਾ ਮਨੁੱਖ ਦੀ ਮੈਲ ਧੋਂਦਾ ਹੈ ਜਿਸ ਦੀ ਉਹ ਨਿੰ ਕਰਦਾ ਹੈ। ਇਸੇ ਕਰਕੇ ਭਗਤ ਜੀ ਕਹਿੰਦੇ ਹ ਕਿ ਹੇ ਨਿੰਦਾ ਕਰਨ ਵਾਲਿਓ. ਮੈਨੂੰ ਭਲੇ ਨਿੰਦ (ਬੇਸ਼ਕ ਚੰਗੀ ਤਰ੍ਹਾਂ ਨਿੰਦਾ ਕਰੀ ਜਾਓ)। ਕਿਉਂ ਇਸ ਤਰ੍ਹਾਂ :

ਨਿੰਦਾ ਹੋਇ ਤ ਬੈਕੁੰਠਿ ਜਾਈਐ ॥...ਨਿੰਦਕੁ ਡੂਬਾ, ਹਮ ਉਤਰੇ ਪਾਰਿ ॥ (ਗਉੜ



www.AKJ.Org

ਅਖ਼ੀਰ ਕਬੀਰ ਜੀ ਮਨੁੱਖ ਨੂੰ ਸਹੀ ਰਾਹ ਤੇ ਪਾਂਦੇ ਹੋਏ ਇਉਂ ਸੇਧ ਦਿੰਦੇ ਹਨ—

ਉਸਤਤਿ ਨਿੰਦਾ ਦੋਊ ਬਿਬਰਜਿਤ,
ਤਜਹੁ ਮਾਨੁ ਅਭਿਮਾਨਾ ॥
[ਕੇਦਾਰਾ ਕਬੀਰ ਜੀ, ੧੧੨੩

ਨਿੰਦਕਾਂ ਬਾਰੇ ਗੁਰੂ ਅਰਜਨ ਦੇਵ ਜੀ ਕਹਿ ਗਏ ਹਨ ਕਿ ਨਿੰਦਕ ਇਉਂ ਡਿਗ ਕੇ ਖ਼ਤਮ ਹੁੰਦੇ ਹਨ ਜਿਵੇਂ ਕਲਰ ਦੀ ਕੰਧ ਡਿਗ ਪੈਂਦੀ ਹੈ :

ਨਿੰਦਕੁ ਐਸੇ ਹੀ ਝਰਿ ਪਰੀਐ ॥ ਇਹ
ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ
ਭੀਤਿ ਗਿਰੀਐ ॥
[ਬਿਲਾਵਲੁ ਮ: ੫, ਪੰਨਾ ੮੨੩

ਸੋ ਇਹ ਉਸਤਤਿ ਅਤੇ ਨਿੰਦਾ ਦੋਵੇਂ ਭੈੜੀਆਂ ਖ਼ਸਲਤਾਂ ਹਨ, ਜਿਸ ਕਰਕੇ ਗੁਰੂ ਤੇਗ ਬਹਾਦਰ ਜੀ ਸਾਨੂੰ ਨਿਰਣੇ-ਜਨਕ ਉਪਦੇਸ਼ ਦੇਂਦੇ ਹਨ—

ਉਸਤਤਿ ਨਿੰਦਾ ਦੋਊ ਪਰਹਰ, ਹਰਿ ਕੀਰਤਿ
ਉਰਿ ਆਨੋ ॥ [ਬਸੰਤ ਮ: ੯, ਪੰਨਾ ੧੧੮੬

ਉਸਤਤਿ ਨਿੰਦਾ ਦੋਹਾਂ ਨੂੰ ਤਿਆਗ ਕੇ, ਕੇਵਲ ਵਾਹਿਗੁਰੂ ਜੀ ਦੀ ਸਿਫ਼ਤ-ਸਲਾਹ ਨੂੰ ਹਿਰਦੇ ਵਿਚ ਲਿਆਓ।

ਨੌਵੇਂ ਪਾਤਸ਼ਾਹ ਦਾ ਜੀ ਇਹ ਉਪਦੇਸ਼, ਉਨ੍ਹਾਂ ਦੇ ਸ਼ਹੀਦੀ ਦੀ ਤੀਸਰੀ ਸ਼ਤਾਬਦੀ ਮਨਾਉਂਦਿਆਂ ਯਾਦ ਦਿਵਾਉਂਦਾ ਹੈ, ਚੇਤੇ ਕਰਾਉਂਦਾ ਹੈ ਕਿ ਹੇ ਸਫਲ ਜੀਵਨ ਜੀਊਣ ਦੇ ਚਾਹਵਾਨ ਲੋਕੋ ! ਜੇ ਤੁਸੀਂ ਚੰਗਾ ਤੇ ਸਫਲ ਜੀਵਨ ਜੀਊਣ ਦੇ ਚਾਹਵਾਨ ਹੋ ਤਾਂ ਇਸ ਤਰ੍ਹਾਂ ਦੀ ਉਸਤਤਿ ਅਤੇ ਨਿੰਦਾ ਨੂੰ ਛਡੋ ਅਤੇ ਕੇਵਲ ਸੱਚ, ਨਿਰੋਲ ਸੱਚ ਦੀ ਗੱਲ ਕਰੋ, ਨਿਰੋਲ ਸੱਚ ਦਾ ਧਿਆਨ ਧਰੋ।

## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ 4 (ਰੂਲ 8)

| | |
|---|---|
| 1. ਪ੍ਰਕਾਸ਼ਤ ਹੋਣ ਦੀ ਥਾਂ | ਅੰਮ੍ਰਿਤਸਰ |
| 2. ਪ੍ਰਕਾਸ਼ਨ ਸਮਾਂ | ਮਾਸਕ |
| 3.4.5. ਪ੍ਰਿੰਟਰ, ਪਬਲਿਸ਼ਰ, ਸੰਪਾਦਕ— ਨਾਂ, ਕੌਮੀਅਤ ਤੇ ਪਤਾ— | ਸੇਵਾ ਸਿੰਘ, ਭਾਰਤੀ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ |
| 6. ਮਾਲਕ— | ਸਰਬ ਹਿੰਦ ਅਖੰਡ ਕੀਰਤਨੀ ਜੱਥਾ ਜੱਥੇਦਾਰ ਬਾਊ ਮਲ ਸਿੰਘ ਜੀ, ਪਲਾਸੌਰ ਰੋਡ, ਤਰਨ ਤਾਰਨ (ਅੰਮ੍ਰਿਤਸਰ) |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹੈ।

ਤਰੀਕ 1 3.76 — ਦਸਖ਼ਤ ਪਬਲਿਸ਼ਰ—ਸੇਵਾ ਸਿੰਘ

## ਪਿੰਡ ਫ਼ਤੇਹਪੁਰ (ਹੁਸ਼ਿਆਰਪੁਰ) ਵਿਖੇ ਕੀਰਤਨ ਰੈਣ-ਸਬਾਈ

ਭਾਈ ਅਰੂੜ ਸਿੰਘ ਜੀ ਇਤਲਾਹ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਪਿੰਡ ਫ਼ਤੇਹਪੁਰ ਵਿਖੇ ੨੦ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਭਾਈ ਸੰਤੋਖ ਸਿੰਘ ਜੀ ਜਲੰਧਰ ਤੇ ਹੋਰ ਕੀਰਤਨੀ ਵੀਰ ਭੈਣਾਂ ਕੀਰਤਨ ਦੀਆਂ ਹਾਜ਼ਰੀਆਂ ਭਰ ਰਹੇ ਹਨ। ਸਮੂਹ ਸੰਗਤਾਂ ਦਰਸ਼ਨ ਦੀਦਾਰੇ ਬਖ਼ਸ਼ ਕੇ ਕਿਰਤਾਰਥ ਕਰਨ ਜੀ।

ਪਿੰਡ ਫ਼ਤੇਹਪੁਰ ਹੁਸ਼ਿਆਰਪੁਰ ਤੋਂ ਸਤ ਮੀਲਾਂ ਤੇ, ਹੁਸ਼ਿਆਰਪੁਰ-ਟਾਂਡਾ ਰੋਡ ਤੇ, ਦੁਸੜਕੇ ਦੇ ਨਾਲ ਹੈ।



www.AKJ.Org

ਸ਼ਹੀਦ ਮਾਤਾ ਗੁਜਰੀ ਜੀ ਦਾ ਪੇਕਾ ਘਰ—

# ਗੁਰ-ਦਰਬਾਰ ਲਖਨੌਰ ਸਾਹਿਬ

[ਵਲੋਂ :—ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ]

ਨਗਰ ਲਖਨੌਰ, ਜਿੱਥੇ ਕਿ ਇਹ ਗੁਰ ਦਰਬਾਰ ਸਥਿਤ ਹੈ, ਅੰਬਾਲਾ ਸ਼ਹਿਰ ਤੋਂ ਸੱਤ ਮੀਲ ਦੱਖਣ ਵਲ ਅੰਬਾਲਾ-ਬੜੋਲਾ ਸ਼ਾਹੀ ਸੜਕ ਉਤੇ, ਅੰਬਾਲਾ ਛਾਉਣੀ ਦੇ ਸਟੇਸ਼ਨ ਤੋਂ ਸਾਢੇ ਚਾਰ ਮੀਲ ਹੈ, ਜਿੱਥੇ ਸ਼ਹਿਰ ਅੰਬਾਲੇ ਤੋਂ ਪੱਕੀ ਸੜਕ ਜਾਂਦੀ ਹੈ। ਪਹਿਲਾਂ ਇਹ ਸਥਾਨ ਰਿਆਸਤ ਪਟਿਆਲਾ ਦੇ ਮਾਤਹਿਤ ਸੀ ਤੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਇਸ ਸਥਾਨ ਪਰ ਸਾਲਾਨਾ ਜੋੜ ਮੇਲਾ ਹਰੇਕ ਸਾਲ ਦੁਸਹਿਰੇ ਨੂੰ ਹੁੰਦਾ ਹੈ।

## ਮੱਧ ਕਾਲੀਨ ਲਖਨੌਰ ਸਾਹਿਬ ਤੇ ਇਸ ਦਾ ਗੁਰੂ-ਘਰ ਨਾਲ ਸੰਬੰਧ—

ਸੁਲਤਾਨ ਬਹਲੋਲ ਲੋਦੀ ਦੇ ਸਮੇਂ ਵਿਚ, ਜਿਵੇਂ ਕਿ ਪੰਜਾਬ ਦੇ ਜਾਤਾਂ-ਗੋਤਾਂ ਬਾਰੇ ਖੋਜ-ਪੜਤਾਲ ਕਰਨ ਤੇ ਪਤਾ ਲਗਦਾ ਹੈ, ਲਖਨੌਰ ਦੇ ਸਥਾਨ ਪੁਰ ਕੁਝ ਸੁਭਿੱਖੀਏ ਗੋਤ ਦੇ ਖਤ੍ਰੀ ਆਬਾਦ ਹੋਏ, ਜਿਨ੍ਹਾਂ ਦਾ ਕੰਮ ਸੀ, ਦੁਕਾਨਦਾਰੀ ਦੇ ਨਾਲ ਹੀ ਆਏ-ਗਏ ਸਾਧੂ-ਸੰਤਾਂ ਦੀ ਬੜੀ ਸ਼ਰਧਾ ਭਾਵ ਨਾਲ ਟਹਿਲ-ਸੇਵਾ ਕਰਨਾ। ਉਨ੍ਹਾਂ ਦਾ ਇਹੋ ਭਗਤੀ-ਭਾਵ ਦੇਖ ਕੇ ਸੰਮਤ ੧੫੫੬ ਬਿ. ਮੁਤਾਬਿਕ ਸੰਨ ੧੪੯੯ ਈ: ਵਿਚ ਜਦ ਜਗਤ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਸੁਨਾਮ, ਪਹੋਆ, ਕੁਰੁਖੇਤ੍ਰ ਆਦਿ ਥਾਵੀਂ ਹੁੰਦੇ ਹੋਏ ਲੰਘੇ ਤਾਂ ਰਸਤੇ ਵਿਚ ਲਖਨੌਰ ਪਹੁੰਚ ਕੇ ਵੀ ਉਨ੍ਹਾਂ ਨੇ ਨਾਮ-ਬਾਣੀ ਦਾ ਪ੍ਰਚਾਰ ਕੀਤਾ, ਜਿਸ ਤਰ੍ਹਾਂ ਕਿ ਕਵੀ ਹਰੀ ਸਿੰਘ 'ਜਾਚਕ' ਨੇ ਆਪਣੀ ਕਾਵ੍ਯ-ਪੁਸਤਕ 'ਗੁਰੂ ਨਾਨਕ ਉਪਕਾਰ' ਦੇ ਸਫਾ ੨੪੬ ਪਰ ਲਿਖਿਆ ਹੈ—

ਨਗਰ ਸੀ ਲਖਨੌਰ, ਇਲਾਕਾ ਅੰਬਾਂ ਵਾਲਾ।
ਭਾਰੇ ਭਾਰੇ ਰੁੱਖ ਵੱਡਿਆਂ ਛੰਭਾਂ ਵਾਲਾ।
ਜਾਗੇ ਇਸ ਦੇ ਭਾਗ, ਗੁਰੂ ਜੀ ਏਥੇ ਆਏ।
ਲੂਖੀ ਆਦਿ ਸਮੇਤ ਹੋਰ ਬਹੁ ਪਿੰਡ ਵਰੁਸਾਏ।
ਕਈ ਮਹੀਨੇ ਏਸ ਇਲਾਕੇ ਛਹਿਬਰ ਲਾਈ।
ਕੀਤੇ ਪਰਉਪਕਾਰ ਪਿੰਡਾਂ ਨਗਰਾਂ ਵਿਚ ਜਾਈ।

ਉਨ੍ਹੀਂ ਦਿਨੀਂ ਸ੍ਰੀ ਦਸਮੇਸ਼ ਜੀ ਦੇ ਨਾਨਾ ਭਾਈ ਲਾਲ ਚੰਦ ਸੁਭਿੱਖੀਏ ਦੇ ਬਜ਼ੁਰਗਾਂ ਵਿਚੋਂ ਇਕ ਪ੍ਰੇਮੀ ਆਪਣੇ ਪਰਿਵਾਰ ਸਮੇਤ ਲਖਨੌਰ ਹੀ ਰਹਿੰਦੇ ਸਨ। ਉਨ੍ਹਾਂ ਨੇ ਵੀ ਬੜੀ ਸ਼ਰਧਾ-ਭਾਵ ਸਹਿਤ ਗੁਰੂ ਨਾਨਕ ਦੇਵ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਤੇ ਗੁਰੂ ਜੀ ਦੇ ਅਨੰਨ ਸਿੱਖ ਬਣ ਕੇ ਗੁਰੂ ਘਰ ਨਾਲ ਆਪਣਾ ਸੰਬੰਧ ਹਮੇਸ਼ਾਂ ਲਈ ਪੱਕਾ ਕਰ ਲਿਆ। ਫੇਰ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਬਾਬਾ ਸ੍ਰੀ ਚੰਦ ਜੀ, ਜੋ ਬੜੇ ਬੀਤ ਰਾਗ ਦੇ ਤਿਆਗੀ ਮਹਾਂ-ਪੁਰਖ ਸਨ, ਕਈ ਵੇਰ ਲਖਨੌਰ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸਿੱਖਾਂ ਨੂੰ ਨਾਮ-ਬਾਣੀ ਦਾ ਉਪਦੇਸ਼ ਦੇਂਦੇ ਰਹੇ। ਸੰਮਤ ੧੬੮੬ ਬਿ: ਵਿਚ ਜਦ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਅੰਮ੍ਰਿਤਸਰ ਦਾ ਵਸੇਬਾ ਛੱਡ ਸ੍ਰੀ ਹਰਿਗੋਬਿੰਦਪੁਰ ਹੁੰਦੇ ਹੋਇਆਂ ਜਲੰਧਰ ਲਾਗੇ ਨਗਰ ਕਰਤਾਰਪੁਰ ਦੀ ਸੋਭਾ ਵਧਾਈ ਤਾਂ ਭਾਈ ਲਾਲ ਚੰਦ ਸੁਭਿੱਖੀਆ, ਜੋ ਬਾਬਾ ਸ੍ਰੀ ਚੰਦ ਦੇ ਨਾਲ ਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਬੜਾ ਅਨੰਨ ਸੇਵਕ ਸੀ, ਲਖਨੌਰ ਦੀ ਥਾਵੇਂ ਕਰਤਾਰਪੁਰ ਹੀ ਆ ਟਿਕਿਆ ਤੇ ਉਥੇ ਉਸ ਨੇ ਬਾਬਾ ਸ੍ਰੀ ਚੰਦ ਜੀ ਦੀ ਮਾਰਫਤ ਜ਼ੋਰ ਪਾ ਕੇ ਆਪਣੀ ਇਕਲੌਤੀ ਬੇਟੀ ਗੁਜਰੀ ਜੀ ਦਾ ਸੰਬੰਧ ਗੁਰੂ ਹਰਿ-ਗੋਬਿੰਦ ਜੀ ਦੇ ਛੋਟੇ ਪੁਤਰ (ਗੁਰੂ) ਤੇਗ ਬਹਾਦੁਰ ਜੀ ਦੇ ਨਾਲ ਕਰ ਦਿੱਤਾ।

ਸੋਹਨ ਕ੍ਰਿਤ ਮਹਾਂਕਾਵਿ ਗੁਰਬਿਲਾਸ ਪਾਤਸ਼ਾਹੀ ੬ ਦੇ ਕਥਨ ਅਨੁਸਾਰ ਇਹ ਰਿਸ਼ਤਾ ਪੱਕਾ ਹੋਣ ਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਵਿਆਹ ਗੁਰੂ ਪਿਤਾ ਦੀ ਮੌਜੂਦਗੀ ਵਿਚ ਹੀ ਮਿਤੀ ੧੫ ਅੱਸੂ, ਸੰਮਤ ੧੬੮੬ ਈ: ਨੂੰ ਕਰਤਾਰਪੁਰ (ਜਲੰਧਰ) ਦੇ ਸਥਾਨ



www.AKJ.Org

ਪੁਰ ਭਾਈ ਲਾਲ ਚੰਦ ਸੁਭਿੱਖੀਏ ਦੀ ਸਪੁਤ੍ਰੀ ਗੁਜਰੀ ਜੀ ਦੇ ਨਾਲ ਬੜੀ ਧੂਮ ਧਾਮ ਨਾਲ ਹੋਇਆ। ਭਾਈ ਲਾਲ ਚੰਦ ਇਹ ਸ਼ੁਭ ਕਾਰਜ ਸੰਪੰਨ ਹੋਣ ਤੇ ਕੁਝ ਚਿਰ ਕਰਤਾਰਪੁਰ ਤੇ ਫੇਰ ਬਾਬਾ ਸ੍ਰੀ ਚੰਦ ਜੀ ਦੇ ਆਦੇਸ਼ ਨਾਲ ਲਖਨੌਰ ਜ਼ਾ ਕੇ ਰਹਿੰਦੇ ਰਹੇ ਤੇ ਉਨ੍ਹਾਂ ਦਾ ਵੀਰ ਸੁਪੁਤਰ ਕਿਰਪਾਲ ਚੰਦ ਕੁਝ ਸਮਾਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਨਾਲ ਹਮ-ਰਕਾਬ ਹੋ ਕੇ ਗੁਰੂ-ਘਰ ਦੀ ਸੇਵਾ ਮਨ, ਵਚਨ, ਕਰਮ ਤੋਂ ਕਰਦਾ ਰਿਹਾ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਲਖਨੌਰ –

ਸੰਨ ੧੭੨੯ ਬਿ: ਵਿਚ ਜਦ ਸ੍ਰੀ ਦਸਮੇਸ਼ ਜੀ ਅਜੇ ਮਸਾਂ ਪੰਜਾਂ ਕੁ ਵਰ੍ਹਿਆਂ ਦੇ ਹੀ ਸਨ ਤਾਂ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਹੁਕਮ ਨਾਲ ਮਾਤਾ ਗੁਜਰੀ ਜੀ ਤੇ ਬਿਰਧ ਮਾਤਾ ਨਾਨਕੀ ਜੀ ਸਮੇਤ ਪਟਨੇ (ਬਿਹਾਰ) ਤੋਂ ਵਾਪਸ ਪੰਜਾਬ ਪੁਜਦਿਆਂ ਹੀ ਪਹਿਲਾਂ ਕੁਰਖੇਤਰ ਦੇ ਰਸ਼ਤੇ ਆਪਣੇ ਨਾਨਕੇ ਪਿੰਡ ਲਖਨੌਰ ਪਹੁੰਚੇ ਅਤੇ ਭਾਈ ਜੇਠੇ ਆਦਿ ਮਸੰਦਾਂ ਦੇ ਪਾਸ ਹੀ ਕਾਫ਼ੀ ਅਰਸੇ ਤਕ ਟਿਕੇ ਰਹੇ। ਤੇ ਫੇਰ ਵੱਡੇ ਤੇ ਛੋਟੇ ਮਾਤਾ ਜੀ ਦੇ ਆਦੇਸ਼ ਨਾਲ ਆਪਣੀ ਇਸ ਆਮਦ ਦੀ ਯਾਦਗਾਰ ਵਜੋਂ ਆਪਣੇ ਤਿੰਨੇ ਮੰਜੇ (ਪਲੰਘ), ਲੰਗਰ ਦੀਆਂ ਦੋ ਪ੍ਰਾਤਾਂ, ਹੋਰ ਸ਼ਸਤ੍ਰ-ਅਸਤ੍ਰ ਸਮੇਤ ਏਥੇ ਹੀ ਛੱਡ* ਸਿੱਧੇ ਬਾਬੇ ਬਕਾਲੇ ਗੁਰੂ-ਪਿਤਾ ਦੀ ਸੇਵਾ ਵਿਚ ਜਾ ਹਾਜ਼ਰ ਹੋਏ।

ਸ੍ਰੀ ਗੁਰੂ ਤੇਗ ਬਹਾਦੁਰ ਜੀ ਆਨੰਦਪੁਰ ਸਾਹਿਬ ਤੋਂ ਸ਼ਹੀਦੀ ਯਾਤ੍ਰਾ ਲਈ ਦਿਲੀ ਨੂੰ ਜਾਣ ਸਮੇਂ ਸ੍ਰੀ ਦਸਮੇਸ਼ ਜੀ ਨੂੰ ਮਾਮਾ ਕਿਰਪਾਲ ਚੰਦ ਤੇ ਦੋਹਾਂ ਮਾਤਾਵਾਂ, ਵੱਡੇ ਮਾਤਾ ਨਾਨਕੀ ਤੇ ਛੋਟੇ ਮਾਤਾ ਗੁਜਰੀ ਜੀ ਸਮੇਤ ਲਖਨੌਰ ਭੇਜ ਗਏ ਤਾਂਕਿ ਉਥੇ ਉਹ ਕੁਝ ਸਮਾਂ ਬਦਲਦੇ ਹਾਲਾਤ ਦੇ ਮੁਤਾਬਿਕ ਜ਼ਰਾ ਆਰਾਮ ਨਾਲ ਗੁਜ਼ਾਰ ਸਕਣ।

---

*ਸ੍ਰੀ ਦਸਮੇਸ਼ ਜੀ ਦੀਆਂ ਇਹ ਪਵਿਤ੍ਰ ਇਤਿਹਾਸਿਕ ਵਸਤਾਂ ਹੁਣ ਤਕ ਉਸੇ ਤਰ੍ਹਾਂ ਗੁਰੂ ਦਰਬਾਰ ਲਖਨੌਰ ਸਾਹਿਬ ਵਿਖੇ ਬੜੇ ਸਨਮਾਨ ਨਾਲ ਸੰਭਾਲ ਕੇ ਰੱਖੀਆਂ ਹੋਣ ਕਰਕੇ ਮੌਜੂਦ ਹਨ।

## ਲਖਨੌਰ ਦੀ ਰਿਹਾਇਸ਼ ਤੇ ਨਿਰਾਲੇ ਕੌਤਕ–

ਇਸ ਕਾਰਨ ਸ੍ਰੀ ਦਸਮੇਸ਼ ਜੀ ਖ਼ੁਦ ਤਾਂ ਦੋਵੇਂ ਮਾਈਆਂ–ਮਾਤਾ ਗੁਜਰੀ ਜੀ ਤੇ ਬ੍ਰਿਧ ਮਾਤਾ ਨਾਨਕੀ ਜੀ ਸਮੇਤ ਲਖਨੌਰ ਹੀ ਠਹਿਰੇ ਤੇ ਮਾਮਾ ਕਿਰਪਾਲ ਚੰਦ ਨੂੰ ਉਥੋਂ ਚੰਗੀ ਨਸਲ ਦੇ ਘੋੜੇ ਲੈਣ ਵਾਸਤੇ ਆਨੰਦਪੁਰ ਭੇਜਿਆ ਤਾਂ ਕਿ ਆਪ ਰੋਜ਼ਾਨਾ ਘੋੜ-ਸਵਾਰ ਹੋ ਕੇ ਬਾਕਾਇਦਾ ਸ਼ਸਤ੍ਰਾਂ-ਅਸਤ੍ਰਾਂ ਦੀ ਸਿਖਲਾਈ ਕਰ ਸਕਣ ਤੇ ਸ਼ਿਕਾਰ ਜਾਣ ਵਿਚ ਵੀ ਸੌਖ ਹੋਵੇ।

ਸ੍ਰੀ ਦਸਮੇਸ਼ ਜੀ ਇਸ ਤਰ੍ਹਾਂ ਲਖਨੌਰ ਰਹਿ ਕੇ ਰੋਜ਼ ਪਿੰਡ ਦੇ ਬੱਚਿਆਂ ਨਾਲ ਭਾਂਤਿ ਭਾਂਤਿ ਦੀਆਂ ਚੰਗੀਆਂ ਖੇਡਾਂ ਖੇਡਣ ਲੱਗੇ। ਇਧਰ ਮਸ਼ਹੂਰ ਸੱਯਦ ਪੀਰ ਸ਼ਾਹ ਮੀਰਾਂ ਭੀਖ, ਜੋ ਪਿੰਡ ਸਿਉਹਾਣਾ (ਪਹੋਆ) ਦਾ ਵਸਨੀਕ ਸੀ ਤੇ ਉਸ ਸਮੇਂ ਕਸਬਾ ਘੁੜਾਮ ਵਿਖੇ ਆਰਜ਼ੀ ਤੌਰ ਤੇ ਨਿਵਾਸ ਰਖਦਾ ਸੀ, ਸਾਹਿਬਜ਼ਾਦੇ ਦੀ ਕੀਰਤੀ ਸੁਣ ਕੇ ਮੁਰੀਦਾਂ ਸਮੇਤ ਦਰਸ਼ਨ ਕਰਨ ਵਾਸਤੇ ਲਖਨੌਰ ਪੁੱਜਾ ਤੇ ਉਸ ਨੇ ਆਉਂਦਿਆਂ ਹੀ ਬੜੀ ਨਿੰਮ੍ਰਤਾ ਨਾਲ ਸਾਹਿਬਜ਼ਾਦੇ ਨੂੰ ਨਮਸਕਾਰ ਕੀਤੀ। ਇਹ ਦੇਖ ਕੇ ਸਾਥੀ ਮੁਸਲ-ਮਾਨਾਂ ਨੇ ਬੁਰਾ ਮਨਾਇਆ, ਪਰ ਸੱਯਦ ਸ਼ਾਹ ਮੀਰਾਂ ਭੀਖ ਨੇ ਜਦ ਇਸ ਗੱਲ ਦੀ ਅਸਲੀਅਤ ਖੋਲ੍ਹ ਕੇ ਦੱਸੀ ਕਿ ਇਹ ਸਾਧਾਰਨ ਸਾਹਿਬਜ਼ਾਦਾ ਨਹੀਂ, ਸਗੋਂ ਪੂਰਾ ਪੂਰਾ ਵਲੀ ਅੱਲਾਹ ਹੈ ਤਾਂ ਉਹਨਾਂ ਨੂੰ ਇਸ ਸਚਾਈ ਤੇ ਪੂਰੀ ਤਰ੍ਹਾਂ ਯਕੀਨ ਆ ਗਿਆ। ਇਸੇ ਤਰ੍ਹਾਂ ਸ੍ਰੀ ਦਸਮੇਸ਼ ਜੀ ਨੂੰ ਇਸ ਮੌਕੇ ਤੇ ਲਖਨੌਰ ਦੇ ਸਥਾਨ ਪੁਰ ਹੀ ਪ੍ਰਸਿੱਧ ਸੂਫ਼ੀ ਪੀਰ ਆਰਿਫ਼ ਦੀਨ ਆਪਣੇ ਮੁਰੀਦਾਂ ਸਮੇਤ ਪਾਨੀਪਤ ਕਰਨਾਲ ਤੋਂ ਆ ਕੇ ਮਿਲਿਆ ਤੇ ਆਪਣੀ ਅਕੀਦਤ ਦੱਸ ਕੇ ਕ੍ਰਿਤਾਰਥ ਹੋਇਆ।

## ਮਿੱਠੇ ਤੇ ਠੰਢੇ ਪਾਣੀ ਦਾ ਖੂਹ :—

ਨਗਰ ਲਖਨੌਰ ਦੇ ਇਸ ਨਿਵਾਸ ਸਮੇਂ ਸ੍ਰੀ ਦਸਮੇਸ਼ ਜੀ ਦੀ ਨਿਤ ਕ੍ਰਿਆ ਸੀ–ਰੋਜ਼ ਸਵੇਰੇ ਨਾਮ ਦਾਨ ਇਸ਼ਨਾਨ ਤੋਂ ਬਾਅਦ ਆਸ ਪਾਸ ਦੇ ਬੱਚਿਆਂ ਨਾਲ ਖੁਲ੍ਹੇ ਮੈਦਾਨ ਵਿਚ ਜਾ ਕੇ ਖਿੱਦੋ ਖੂੰਡੀ ਖੇਡਣਾ,



www.AKJ.Org

ਜਾਂ ਗੱਤਕਾ-ਬਾਜ਼ੀ, ਤੀਰ-ਅੰਦਾਜ਼ੀ, ਨੇਜ਼ਾ-ਬਾਜ਼ੀ, ਢਾਲ-ਤਲਵਾਰ ਆਦਿ ਸ਼ਸਤ੍ਰਾਂ-ਅਸਤ੍ਰਾਂ ਦੇ ਚਲਾਉਣ ਦੀ ਮਸ਼ਕ ਕਰਨਾ। ਫੇਰ ਜਦ ਆਪ ਇਸ ਖੇਡ ਤੋਂ ਫ਼ਾਰਿਗ਼ ਹੁੰਦੇ ਤਾਂ ਪਿਆਸ ਲੱਗਣ ਤੇ ਪਿੰਡ ਦੇ ਖੂਹ ਦਾ ਗਰਮ ਤੇ ਖਾਰਾ ਪਾਣੀ ਹੀ ਉਨ੍ਹਾਂ ਨੂੰ ਪੀਣਾ ਪੈਂਦਾ। ਸਾਹਿਬਜ਼ਾਦੇ ਦੀ ਇਹ ਤਕਲੀਫ਼ ਅਨੁਭਵ ਕਰ ਕੇ ਹੀ ਇਕ ਦਿਨ ਮਾਤਾ ਗੁਜਰੀ ਜੀ ਨੇ ਭਾਈ ਜੇਠੇ ਮਸੰਦ ਰਾਹੀਂ ਪਿੰਡ ਦੇ ਪੈਂਚਾਂ ਸਰਪੈਂਚਾਂ ਤੋਂ ਕਿਸੇ ਪਾਸੇ ਠੰਢੇ ਤੇ ਮਿੱਠੇ ਪਾਣੀ ਦਾ ਖੂਹ ਲਗਵਾਉਣ ਦੀ ਤਜਵੀਜ਼ ਪੁੱਛੀ, ਪਰ ਆਖ਼ਰ ਜਦ ਕੋਈ ਵੀ ਤਜਵੀਜ਼ ਸਿਰੇ ਨਾ ਚੜ੍ਹੀ ਤਾਂ ਪਿੰਡੋਂ ਚੜ੍ਹਦੇ ਵਲ ਪੁਰਾਣੀ ਪੱਕੀ ਮਣ ਦੇ ਨਿਸ਼ਾਨ ਦੇਖ ਕੇ ਜਦ ਉਥੇ ਮਾਤਾ ਜੀ ਦੇ ਹੁਕਮ ਨਾਲ ਪੁਟਾਈ ਕੀਤੀ ਗਈ ਤਾਂ ਹੇਠੋਂ ਅਚਾਨਕ ਠੰਢੇ ਪਾਣੀ ਦਾ ਖੂਹ ਨਿਕਲ ਆਇਆ। ਉਹ ਖੂਹ ਜਦ ਕਦੇ ਪਹਿਲੇ ਪਹਿਲ ਨਗਰ ਲਖਨੌਰ ਘੁੱਗ ਵਸ ਕੇ ਕਿਸੇ ਕਾਰਨ ਉਜੜਿਆ ਹੋਵੇਗਾ ਤਾਂ ਖੰਡਰਾਤ ਦੀ ਸ਼ਕਲ ਵਿਚ ਤਬਦੀਲ ਹੋ ਗਿਆ ਸੀ। ਸੋ ਹੁਣ ਉਹੋ ਖੂਹ ਜਦ ਮੁੜ ਪੁਟਾਈ ਕਰਨ ਤੇ ਪ੍ਰਗਟ ਹੋ ਗਿਆ ਤਾਂ ਸਾਰੇ ਨਗਰ-ਨਿਵਾਸੀਆਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਤੇ ਸਭ ਲੋਕੀਂ ਹੋਰ ਖੂਹਾਂ ਦਾ ਪਾਣੀ ਛੱਡ ਕੇ ਇਸ ਠੰਢੇ ਮਿਠੇ ਜਲ ਵਾਲੇ ਖੂਹ ਤੋਂ ਹੀ ਪਾਣੀ ਲਿਜਾਣ ਲੱਗ ਪਏ। ਇਹ ਖੂਹ ਜੋ ਪਹਿਲਾਂ ਕਿਸੇ ਸਮੇਂ ਕਾਫ਼ੀ ਚੌੜੇ ਘੇਰੇ ਵਿਚ ਹੋਣ ਕਰਕੇ ਇਕ ਵਾਂ ਦੀ ਸ਼ਕਲ ਵਿਚ ਸੀ, ਪਿੱਛੋਂ ਅੰਦਰਲੇ ਪਾਸਿਓਂ ਸੰਕੋਚਵੇਂ ਢੰਗ ਨਾਲ ਉਸਾਰੀ ਹੋਣ ਤੇ ਇਕ ਛੋਟੀ ਜਿਹੀ ਖੂਹੀ ਦੀ ਸ਼ਕਲ ਵਿਚ ਤਬਦੀਲ ਹੋ ਗਿਆ। ਹੁਣ ਇਹ ਖੂਹੀ ਬੜੀ ਸਾਧਾਰਨ ਹਾਲਤ ਵਿਚ ਹੋਣ ਦੇ ਬਾਵਜੂਦ ਵੀ ਮਾਤਾ ਗੁਜਰੀ ਜੀ ਤੇ ਸ੍ਰੀ ਦਸਮੇਸ਼ ਜੀ ਦੇ ਖੂਹ ਦੇ ਨਾਂ ਤੇ ਉਸ ਸਮੇਂ ਦੀ ਇਕ ਇਤਿਹਾਸਕ ਨਿਸ਼ਾਨੀ ਵਜੋਂ ਮੌਜੂਦ ਹੈ।

ਇਸ ਤੋਂ ਬਾਅਦ ਮਾਮਾ ਕਿਰਪਾਲ ਚੰਦ ਜੀ ਅਨੰਦਪੁਰੋਂ ਘੋੜੇ ਲੈ ਆਏ, ਜਿਸ ਕਰਕੇ ਸ੍ਰੀ ਦਸਮੇਸ਼ ਜੀ, ਜੋ ਸ਼ੁਰੂ ਤੋਂ ਹੀ ਸ਼ਸਤ੍ਰ-ਅਸਤ੍ਰ ਤੇ ਘੋੜ-ਸਵਾਰੀ ਦਾ ਬੜਾ ਸ਼ੌਕ ਰਖਦੇ ਸਨ, ਰੋਜ਼ ਦੂਰ-ਨੇੜੇ ਸਾਥੀਆਂ ਸਮੇਤ ਘੋੜ-ਸਵਾਰ ਹੋ ਕੇ ਸੈਰ-ਸ਼ਿਕਾਰ ਜਾਣ ਲੱਗ ਪਏ।

ਸ੍ਰੀ ਦਸਮੇਸ਼ ਜੀ ਕੁਝ ਚਿਰ ਬਾਅਦ ਗੁਰੂ ਪਿਤਾ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਹੁਕਮਨਾਮਾ ਪੁੱਜਣ ਤੇ, ਉਨ੍ਹਾਂ ਦੀ ਸ਼ਹੀਦੀ ਤੋਂ ਕੁਝ ਦਿਨ ਪਹਿਲ ਲਖਨੌਰੋਂ ਸ੍ਰੀ ਆਨੰਦਪੁਰ ਨੂੰ ਵਾਪਸ ਆ ਗਏ।

## ਸ੍ਰੀ ਦਸਮੇਸ਼ ਤੋਂ ਬਾਅਦ ਲਖਨੌਰ ਦਾ ਪ੍ਰਬੰਧ—

ਇਸ ਤਰ੍ਹਾਂ ਸ੍ਰੀ ਦਸਮੇਸ਼ ਦੇ ਲਖਨੌਰੋਂ ਆਨੰਦਪੁਰ ਚਲੇ ਜਾਣ ਤੇ ਇਥੋਂ ਦੇ ਗੁਰੂ-ਸਥਾਨ ਦੀ ਸੇਵਾ ਦਾ ਪ੍ਰਬੰਧ, ਜਿਵੇਂ ਕਿ ਗੁਰੂ ਸਾਹਿਬ ਜਾਂਦੇ ਹੋਏ ਹੁਕਮ ਦੇ ਗਏ ਸਨ, ਸ੍ਰੀ ਦਸਮੇਸ਼ ਜੀ ਦੇ ਨਾਨਕੇ ਪਰਿਵਾਰ ਵਿਚੋਂ ਪਹਿਲਾਂ ਇਕ ਪ੍ਰੇਮੀ ਸਿੱਖ ਤੇ ਫੇਰ ਬਾਬਾ ਹਰਿਬਖਸ਼ ਸਿੰਘ ਹੋਰਾਂ ਦੇ ਸਪੁਰਦ ਹੋਇਆ। ਆਪ ਪੂਰੇ ੬੦ ਸਾਲ ਇਸ ਸਥਾਨ ਦੀ ਸੇਵਾ ਸੰਭਾਲ ਬੜੇ ਸ਼ਰਧਾ ਭਾਵ ਨਾਲ ਕਰਦੇ ਰਹੇ।

## ਗੁਰਦੁਆਰਾ ਲਖਨੌਰ ਦੀ ਨਵੀਂ ਤਾਮੀਰ—

ਸੰਨ ੧੭੦੧ ਈ: ਤੋਂ ਸੰਨ ੧੭੬੧ ਈ: ਤਕ ਗੁਰ-ਸਥਾਨ ਲਖਨੌਰ ਦਾ ਪ੍ਰਬੰਧ ਜਿਵੇਂ ਵੀ ਹੋ ਸਕਿਆ ਚਲਦਾ ਰਿਹਾ, ਪਰ ਬੜੇ ਸਿੱਧੇ ਸਾਦੇ ਢੰਗ ਨਾਲ ਹੀ ਚਲਿਆ ਤੇ ਇਸ ਸਥਾਨ ਦੀ ਕੋਈ ਖ਼ਾਸ ਤਰੱਕੀ ਨਾ ਹੋਈ। ਇਸ ਤੋਂ ਬਾਅਦ ਸੰਨ ੧੭੬੨ ਈ: ਵਿਚ ਪਿੰਡ ਕੁੱਪ-ਰਹੀੜਾ (ਜ਼ਿਲਾ ਸੰਗਰੂਰ) ਦਾ ਵੱਡਾ ਘੱਲੂਘਾਰਾ ਹੋਣ ਤੇ, ਜਿਸ ਵਿਚ ਅਹਿਮਦ ਸ਼ਾਹ ਦੁੱਰਾਨੀ ਦੇ ਹੱਥੋਂ ੩੦੦੦੦ ਤੀਹ ਹਜ਼ਾਰ ਸਿੰਘ ਮਾਰੇ ਗਏ ਸਨ, ਲਖਨੌਰ ਦੇ ਨੇੜੇ ਹੀ ਪਿੰਡ ਕੋਟ ਕਛੂਏ ਦੇ ਨਵਾਬ ਤੇ ਸਰਹਿੰਦ ਦੇ ਸੂਬੇ ਜ਼ੈਨ ਖ਼ਾਂ ਨੇ ਚੂੰਕਿ ਸਿੰਘਾਂ ਦਾ ਸਰਬ-ਨਾਸ਼ ਕਰਨ ਵਿਚ ਅਹਿਮਦ ਸ਼ਾਹ ਦੁੱਰਾਨੀ ਨੂੰ ਪੂਰੀ ਪੂਰੀ ਮਦਦ ਦਿੱਤੀ ਸੀ, ਇਸ ਲਈ ਅਹਿਮਦ ਸ਼ਾਹ ਦੇ ਇਥੋਂ ਵਾਪਸ ਅਫ਼ਗਾਨਿਸਤਾਨ ਪਰਤ ਜਾਣ ਤੇ ਸੰਨ ੧੭੬੩-੬੪ ਈ: ਵਿਚ ਸਿੰਘਾਂ ਨੇ ਇਕੋ ਹੱਲੇ ਨਾਲ ਪਹਿਲਾਂ ਤਾਂ ਜ਼ੈਨ ਖ਼ਾਂ ਸੂਬਾ ਸਰਹਿੰਦ ਨੂੰ ਖ਼ਤਮ ਕੀਤਾ ਤੇ ਫੇਰ



www.AKJ.Org

ਉਸ ਦੇ ਸਾਥੀ ਕੋਟ ਕਛੂਏ ਦੇ ਨਵਾਬ ਨੂੰ ਵੀ ਉਸ ਦੇ ਪਰਿਵਾਰ ਸਮੇਤ ਪਾਰ ਬੁਲਾ ਦਿੱਤਾ ਅਤੇ ਉਸ ਦੇ ਕੋਟ ਕਿਲ੍ਹੇ ਚੰਗੀ ਤਰ੍ਹਾਂ ਢਾਹ ਕੇ ਕੋਟ ਕਛੂਏ ਦੀਆਂ ਪੱਕੀਆਂ ਇੱਟਾਂ ਕੁਝ ਮੁਗਲਾਂ ਦੇ ਸਿਰਾਂ ਤੇ ਚੁਕਵਾ ਕੇ ਲਖਨੌਰ ਪਹੁੰਚਾ ਦਿਤੀਆਂ। ਫੇਰ ਉਨ੍ਹਾਂ ਪੱਕੀਆਂ ਇੱਟਾਂ ਨਾਲ ਹੀ ਬੜੇ ਆਲਾ ਪੈਮਾਨੇ ਤੇ ਗੁਰੂ ਦਰਬਾਰ ਲਖਨੌਰ ਦੀ ਉਸਾਰੀ ਬੜੇ ਆਲੀਸ਼ਾਨ ਕਿਲ੍ਹੇ ਦੀ ਸ਼ਕਲ ਵਿਚ ਕਰਵਾਈ ਗਈ।

ਇਹ ਕੰਮ ਬਾਰ੍ਹਾਂ ਮਿਸਲਾਂ ਦੇ ਸਿੱਖ ਸ਼ਰਦਾਰਾਂ ਦਾ ਸੀ, ਜੋ ਬਾਬਾ ਹਰਿਬਖਸ਼ ਸਿੰਘ ਜੀ ਦੇ ਪੱਕੇ ਸ਼ਰਧਾਲੂ ਤੇ ਇਸ ਗੁਰ-ਸਥਾਨ ਦੇ ਅਮਲੀ ਸਹਾਇਕ ਸਨ। ਕਿਹਾ ਜਾਂਦਾ ਹੈ ਕਿ ਜਦ ਕੋਟ ਕਛੂਏ ਤੋਂ ਸਿੰਘਾਂ ਨੇ ਪੱਕੀਆਂ ਇੱਟਾਂ ਢੁਆਈਆਂ ਤਾਂ ਉਸ ਕਿਲ੍ਹੇ ਵਿਚ ਪੱਥਰ ਦੀ ਇਕ ਅਜਿਹੀ ਭਾਰੀ ਸਿਲ ਸੀ, ਜੋ ਕਿਸੇ ਤਰ੍ਹਾਂ ਚੁਕੀ ਨਹੀਂ ਸੀ ਜਾਂਦੀ। ਸਿੰਘਾਂ ਦੇ ਬੇਨਤੀ ਕਰਨ ਤੇ ਬ੍ਰਹਮ ਗਿਆਨੀ ਬਾਬਾ ਹਰਿਬਖਸ਼ ਸਿੰਘ ਜੀ ਨੇ ਆਪਣੇ ਹੱਥ ਦੀ ਛਟੀ 'ਸਤਿਨਾਮ ਵਾਹਿਗੁਰੂ ਕਹਿ ਕੇ ਉਸ ਸਿਲਾ ਨੂੰ ਛੁਹਾਈ, ਜਿਸ ਦੇ ਛੁਹਣ ਨਾਲ ਹੀ ਉਸ ਸਿਲਾ ਦੇ ਦੋ ਤਿੰਨ ਟੋਟੇ ਹੋ ਗਏ, ਜੋ ਉਥੋਂ ਚੁਕ ਕੇ ਲਖਨੌਰ ਲਿਆਂਦੇ ਗਏ। ਇਕ ਟੁਕੜਾ ਉਨ੍ਹਾਂ ਵਿਚੋਂ ਦਰਬਾਰ ਸਾਹਿਬ ਦੇ ਦਰਵਾਜ਼ੇ ਵਿਚ, ਦੂਜਾ ਟੁਕੜਾ ਦਰਬਾਰ ਸਾਹਿਬ ਦੀ ਨਿਚਲੀ ਪਉੜੀ ਹੇਠ ਅਤੇ ਤੀਜਾ ਟੁਕੜਾ ਦਰਬਾਰ ਸਾਹਿਬ ਦੀ ਡਿਉਢੀ ਵਿਚ ਗੁਪਤ ਤਰੀਕੇ ਨਾਲ ਨਸਬ ਕੀਤਾ ਗਿਆ। ਇਸ ਤਰ੍ਹਾਂ ਉਹ ਪੱਥਰ ਦੀ ਸਿਲਾ ਇਕ ਇਤਿਹਾਸਕ ਯਾਦਗਾਰ ਵਜੋਂ ਗੁਰ ਦਰਬਾਰ ਵਿਚ ਲਗਾਈ ਗਈ।

**ਕੁਝ ਇਤਿਹਾਸਿਕ ਯਾਦਗਾਰਾਂ—**

ਗੁਰਦੁਆਰਾ ਸਾਹਿਬ ਲਖਨੌਰ ਵਿਖੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਦੀਆਂ ਕੁਝ ਪਵਿੱਤ੍ਰ ਇਤਿਹਾਸਿਕ ਯਾਦਗਾਰੀ ਵਸਤਾਂ ਸੁਰੱਖਿਅਤ ਹਨ, ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ :—

(੧) ਸ੍ਰੀ ਦਸਮੇਸ਼ ਜੀ ਦਾ ਪਲੰਘ ੧
(੨) ਮਾਤਾ ਗੁਜਰੀ ਜੀ ਦਾ ਪਲੰਘ ੧
(੩) ਵੱਡੇ ਮਾਤਾ ਨਾਨਕੀ ਜੀ ਦੇ ਪਲੰਘ ਦੇ ਪਾਵੇ ੨
(੪) ਗੁਰੂ ਕੇ ਲੰਗਰ ਦੀਆਂ ਲੱਕੜ ਦੀਆਂ ਦੋ ਪ੍ਰਾਤਾਂ, ਜੋ ਕੁਝ ਟੁੱਟੀਆਂ ਹੋਈਆਂ ਹਨ ੨
(੫) ਸ੍ਰੀ ਦਸਮੇਸ਼ ਦੇ ਤੀਰ(ਸਰਬ ਲੋਹ ਦੇ) ੨
(੬) ਜਮਦਾੜ੍ਹ ੧
(੭) ਬਰਛੀ, ਜੋ ਕਟਾਰ ਦੀ ਸ਼ਕਲ ਦੀ ਹੈ ੧

**ਇਤਿਹਾਸਿਕ ਸਥਾਨ—**

ਨਗਰ ਲਖਨੌਰ ਵਿਚ ਗੁਰਦੁਆਰਾ ਸਾਹਿਬ ਤੋਂ ਇਲਾਵਾ ਦੋ ਇਤਿਹਾਸਿਕ ਸਥਾਨ ਹੋਰ ਹਨ—

(੧) ਮਾਤਾ ਗੁਜਰੀ ਤੇ ਸ੍ਰੀ ਦਸਮੇਸ਼ ਜੀ ਦਾ ਠੰਢੇ ਤੇ ਮਿੱਠੇ ਪਾਣੀ ਦਾ ਖੂਹ, ਜੋ ਪਿੰਡੋਂ ਬਾਹਰ ਪੂਰਬ ਵਲ ਹੈ।

(੨) ਮਾਤਾ ਗੁਜਰੀ ਜੀ ਦਾ ਕੱਚਾ ਸਰੋਵਰ (ਇਕ ਵੱਡੇ ਟੋਭੇ ਦੀ ਸ਼ਕਲ ਵਿਚ), ਜੋ ਗੁਰਦੁਆਰੇ ਦੇ ਐਨ ਸਾਹਮਣੇ ਉੱਤਰ ਵਾਲੇ ਪਾਸੇ ਹੈ।

---

## ਸ: ਹਰਨਾਮ ਸਿੰਘ ਜੀ ਉਬੇਰਾਇ ਵਿਛੋੜਾ ਦੇ ਗਏ

ਸਾਡੇ ਪਿਆਰੇ ਗੁਰਮੁਖ ਵੀਰ ਸ: ਹਰਨਾਮ ਸਿੰਘ ਜੀ ਉਬੇਰਾਇ ਫ਼ਰੀਦਾਬਾਦ (ਹਰਿਆਣਾ) ਵਿਖੇ ਆਪਣੇ ਪਰਵਾਰ ਵਿਚ ਗੁਰਸਿਖੀ ਜੀਵਨ ਜੀਉਂਦਿਆਂ ਹੋਇਆਂ ਐਤਵਾਰ ੮ ਫ਼ਰਵਰੀ ੧੯੭੬ ਨੂੰ ਅਕਾਲ ਚਲਾਣਾ ਕਰ ਗਏ ਹਨ। ਆਪ ਜੀ ਬੜਾ ਬੜਾ ਸਮਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਪਾਸ ਰਹਿ ਕੇ ਸੇਵਾ ਵਿਚ ਸਮਾਂ ਬਿਤਾਂਦੇ ਰਹੇ ਹਨ। ਭਾਈ ਸਾਹਿਬ ਆਪ ਜੀ ਨੂੰ ਹਜ਼ੂਰ ਕਹਿ ਕੇ ਬੁਲਾਂਦੇ ਹੁੰਦੇ ਸਨ, ਇਸੇ ਕਰਕੇ ਆਪ ਦਾ ਨਾਂ "ਹਜ਼ੂਰ ਜੀ" ਪੈ ਗਿਆ ਸੀ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਉਨ੍ਹਾਂ ਦੇ ਪਰਵਾਰ ਨੂੰ ਉਨ੍ਹਾਂ ਦੇ ਪੂਰਨਿਆਂ ਤੇ ਚਲਾ ਕੇ ਗੁਰਸਿਖੀ ਜੀਵਨ ਬਤੀਤ ਕਰਨ ਦਾ ਬਲ ਬਖ਼ਸ਼ਣ।



www.AKJ.Org

# ਵੱਡਾ ਬਣਨਾ

[ਸੁਰਗਵਾਸੀ ਭਾਈ ਮੋਹਨ ਸਿੰਘ ਜੀ ਵੈਦ ਲਿਖੰਤ]

ਅੱਜ ਸੰਸਾਰ ਤੋਂ ਸੇਵਾ ਭਾਵ ਖੰਭ ਲਾ ਕੇ ਉਡ ਗਿਆ ਹੈ, ਅਤੇ ਹਰ ਇਕ ਇਹੀ ਚਾਹੁੰਦਾ ਹੈ ਜੋ ਮੇਰੀ ਸੇਵਾ, ਮੇਰੀ ਹੀ ਪੂਜਾ ਹੋਵੇ ਅਤੇ ਮੇਰੀ ਹੀ ਵਡਿਆਈ ਹੋਵੇ। ਕਿਸੇ ਦੀ ਵਡਿਆਈ ਅਰ ਇੱਜ਼ਤ ਅਜਿਹੇ (ਆਪਾ-ਪ੍ਰਸਤ) ਪੁਰਸ਼ਾਂ ਨੂੰ ਇਕ ਪਲ ਭੀ ਚੰਗੀ ਨਹੀਂ ਲਗਦੀ। ਇਸੇ ਕਰਕੇ ਅੱਜ ਧਾਰਮਕ ਤੇ ਕੌਮੀ ਸਭਾਵਾਂ ਆਦਿ ਘੁਲਾਟੂਆਂ ਦਾ ਅਖਾੜਾ ਬਣ ਰਹੀਆਂ ਹਨ, ਕਿਉਂਕਿ ਅਜ ਕਲ ਮੰਦੇ ਭਾਗਾਂ ਨਾਲ ਲੋਕਾਂ ਨੇ ਇਸੇ ਨੂੰ ਹੀ ਨਾਮਵਰੀ ਅਰ ਇੱਜ਼ਤ ਦਾ ਵਸੀਲਾ ਬਣਾ ਰਖਿਆ ਹੈ, ਇਸੇ ਕਰਕੇ ਇਸ (ਨਾਮਵਰੀ ਤੇ ਇੱਜ਼ਤ) ਦੇ ਅਹੁਦਿਆਂ ਵਾਸਤੇ ਅਨੇਕ ਪ੍ਰਕਾਰ ਦੀਆਂ ਸ਼ਤਰੰਜ ਦੀਆਂ ਚਾਲਾਂ ਚਲੀਆਂ ਜਾਂਦੀਆਂ ਹਨ, ਵੀਹਾਂ ਪ੍ਰਕਾਰਾਂ ਦੇ ਸਾਂਗ ਕਰਨੇ ਪੈਂਦੇ ਹਨ। ਹਲੀਮੀ ਅਤੇ ਚੁਪ ਚਾਪ ਕੰਮ (ਸੇਵਾ) ਕਰਨ ਵਾਲਿਆਂ ਨੂੰ ਮੈਦਾਨ ਵਿਚੋਂ ਕਢਣ ਲਈ ਉਹਨਾਂ ਤੇ ਤੁਹਮਤਾਂ ਲਾਈਆਂ ਜਾਂਦੀਆਂ ਹਨ, ਅਤੇ ਬੇ-ਇਜ਼ਤ ਤੇ ਬਦਨਾਮ ਕੀਤਾ ਜਾਂਦਾ ਹੈ ਅਰ ਏਸ ਤਰ੍ਹਾਂ ਸ਼ਾਂਤੀ ਦੇਣ ਵਾਲੇ ਕੌਮੀ ਤੇ ਧਾਰਮਕ ਕਾਰਜਾਂ ਨੂੰ ਅੱਜ ਕੱਲ ਭੱਠੀ ਦਾ ਭੜਭੂੰਜਾ ਬਣਾ ਛਡਿਆ ਹੈ। ਜਿਹੜਾ ਸੱਜਨ ਏਹਨਾਂ ਵਿਚ ਪੈਰ ਰੱਖਦਾ ਹੈ, ਤਅੱਸਬ ਅਤੇ ਈਰਖਾ ਖ਼ੁਦੀ ਨਾਲ ਜਲ ਭੁਜਦਾ ਹੈ।

ਪਰੰਤੂ ਅਜਿਹੇ ਪੁਰਸ਼ ਇਹ ਨਹੀਂ ਜਾਣਦੇ ਜੋ ਵਡਾ ਬਣਨਾ ਕਿਡਾ ਕੁ ਕਠਨ ਹੈ। ਮਹਾਤਮਾ ਸਾਰੀ ਆਯੂ ਤਪ ਤੇ ਪੂਰਨ ਕੁਰਬਾਨੀਆਂ ਕਰਦੇ ਸਨ ਤਦ ਕਿਤੇ ਇਨ੍ਹਾਂ ਨੂੰ ਵਡਿਆਈ ਮਿਲਦੀ ਸੀ, ਅਜ 'ਵਡਿਆਈ' ਬਿਨਾਂ ਟਹਿਲ ਸੇਵਾ ਕੁਰਬਾਨੀ ਦੇ ਹੀ ਲੋਕ ਲੈਣਾ ਚਾਹੁੰਦੇ ਹਨ, ਅਰ ਏਸ ਤਰ੍ਹਾਂ ਨਾਲ ਸ਼ਬਦ 'ਵਡੇ' ਦੀ ਬੇਇਜ਼ਤੀ ਕਰਦੇ ਹਨ। ਲੋਕਾਂ ਨੇ ਵਡਾ ਬਣਨਾ ਬਹੁਤ ਸੁਖਾਲਾ ਜਾਣ ਛਡਿਆ ਹੈ, ਪਰੰਤੂ ਇਹ ਨਹੀਂ ਜਾਣਦੇ ਜੋ ਚਣਿਆਂ ਅਤੇ ਮਾਹਾਂ ਦੇ ਦਾਣਿਆਂ ਨੂੰ 'ਬੜਾ' ਬਣਨ ਦੇ ਵਾਸਤੇ ਕਿੰਨੀਆਂ ਮੁਸੀਬਤਾਂ ਤੇ ਬਲਾਵਾਂ ਵਿਚੋਂ ਲੰਘਣਾ ਪਿਆ ਹੈ। ਸਭ ਤੋਂ ਪਹਿਲੇ ਇਹਨਾਂ ਦਾਣਿਆਂ ਨੂੰ ਚੱਕੀ ਵਿਚ ਦਲਿਆ ਜਾਂਦਾ ਹੈ। ਇਸ ਤੋਂ ਪਿਛੋਂ ਇਹਨਾਂ ਨੂੰ ਜਲ ਵਿਖੇ ਭੇਵਿਆਂ ਜਾਂਦਾ ਹੈ। ਫੇਰ ਸਵੇਰ ਨੂੰ ਇਹਨਾਂ ਦੀ ਖਲ; ਅਰਥਾਤ ਛਿਲ ਭੀ ਲਾਹੀ ਜਾਂਦੀ ਹੈ, ਪਰੰਤੂ ਬੜਾਈ, ਅਜੇ ਭੀ ਉਹਨਾਂ ਦੀ ਭਾਗੀਂ ਨਹੀਂ ਹੋਈ। ਇਸਦੇ ਪਿਛੋਂ ਇਹਨਾਂ ਨੂੰ ਸਿਲ ਵਟੇ ਤੇ ਅਜਿਹਾ ਰਗੜਾ ਦਿਤਾ ਜਾਂਦਾ ਹੈ ਜੋ ਵਿਚਾਰੇ ਦਾਲ ਦੇ ਦਾਣਿਆਂ ਦੀ ਹਡੀ ਪਸਲੀ ਟੁਟ ਕੇ ਸੁਰਮਾ ਹੋ ਜਾਂਦੀ ਹੈ। ਫੇਰ ਏਹਨਾਂ ਨੂੰ ਕੋਈ ਨਹੀਂ ਪਛਾਣ ਸਕਦਾ ਜੋ ਇਹ ਕਦੇ ਦਾਲ ਜਾਂ ਦਾਣੇ ਸੀ। ਇਸ ਦੇ ਪਿਛੋਂ ਇਹਨਾਂ ਦੀਆਂ ਟਿਕੀਆਂ ਬਣਾ ਕੇ ਸੜਦੇ ਤੇਲ ਵਿਖੇ ਤਲਿਆ ਜਾਂਦਾ ਹੈ ਅਰ ਲੂਣ ਮਿਰਚ ਉਹਨਾਂ ਦੇ ਸਰੀਰ ਤੇ ਲਾ ਕੇ ਦਹੀਂ ਦੇ ਭਾਂਡੇ ਵਿਚ ਡੋਬਿਆ ਜਾਂਦਾ ਹੈ, ਤਦ ਜਾ ਕੇ ਉਹਨਾਂ ਕਾਲੇ ਦਾਲ ਦੇ ਦਾਣਿਆਂ ਨੂੰ ਨਾਉਂ 'ਬੜਾ' ਕਹਿ ਕੇ ਸਦਿਆ ਜਾਂਦਾ ਹੈ, ਅਰ ਇਸ ਵੇਲੇ 'ਬੜਾਈ' ਦਾ ਮਰਤਬਾ ਇਹਨਾਂ ਦਾਣਿਆਂ ਨੂੰ ਮਿਲਦਾ ਹੈ।

ਬਸ ਜੇ ਆਪ ਨੂੰ 'ਬੜਾਈ' ਦਾ ਚਾਉ ਹੈ ਤਾਂ ਕੌਮ ਅਰ ਦੇਸ਼ ਦੀ ਸੇਵਾ ਵਿਚ ਲਗ ਜਾਓ, ਕਸ਼ਟਾਂ ਅਤੇ ਬਲਾਵਾਂ ਤੋਂ ਉਕਾ ਹੀ ਨਾ ਘਾਬਰੋ, ਜਗਤ ਦੀ ਵਿਰੋਧਤਾ ਅਰ ਗਾਲ੍ਹੀਆਂ ਹਸਮੁਖ ਬਣ ਕੇ ਸਹਾਰੋ ਅਰ ਜਿਥੋਂ ਤਕ ਹੋ ਸਕੇ ਗਰੀਬੀ ਅਤੇ ਅਧੀਨਗੀ ਤੋਂ ਕੰਮ ਲਓ, ਤਾਂ ਜੁ ਦਿਲ ਦੀ ਈਰਖਾ ਖ਼ੁਦ ਹੀ ਮਿਟ ਜਾਵੇ ਅਰ ਅੰਦਰ ਬਾਹਰ ਤੇ ਕਿਣਕੇ ਕਿਣਕੇ ਵਿਚ ਵਾਹਿਗੁਰੂ ਦਾ ਦਰਸ਼ਨ ਹੋਣ ਲਗ ਪਵੇ, ਅਤੇ ਸਾਰਿਆਂ ਨੂੰ ਆਪਣਾ ਆਪ ਹੀ ਜਾਣ ਕੇ ਉਹਨਾਂ ਦੀ ਸੇਵਾ ਵਿਚ ਜੁਟੇ ਰਹੋ ਤਦ ਤੁਸੀਂ 'ਬੜੇ' ਨਾਉਂ ਬਣ ਜਾਉਗੇ। ਨਹੀਂ ਤਾਂ ਤੁਸੀਂ ਉਸ ਲਿਦ ਦੀ ਤਰ੍ਹਾਂ ਰਹੋਗੇ ਜਿਸਨੂੰ ਹਨੇਰੇ ਵਿਚ ਭੁਖਾ ਪੁਰਸ਼ 'ਬੜਾ' ਜਾਣ ਕੇ ਮੂੰਹ ਪਾ ਲੈਂਦਾ ਹੈ, ਪਰੰਤੂ ਬੇਸੁਆਦ ਲਿਦ ਤੋਂ ਜਾਣੂ ਹੋ ਕੇ ਥੁਕ ਦਿੰਦਾ ਹੈ, ਜਿਵੇਂ ਹੋਲੀਆਂ ਵਿਖੇ

[ਬਾਕੀ ਸਫ਼ਾ ੩੦ ਦੇ ਹੇਠ]



www.AKJ.Org

# ਪਿਆਲੇ ਦੇ ਪੁਜਾਰੀਓ ! ਛਡੋ ਇਸ ਚੰਦਰੀ ਵਾਦੀ ਨੂੰ

ਸਭ ਸਾਊ ਪੁਰਸ਼ ਸ਼ਰਾਬ ਨੂੰ ਲਾਨ੍ਹਤ ਹੀ ਸਮਝਦੇ ਹਨ।

ਇਸਲਾਮ ਨੂੰ ਛਡ ਕੇ ਹੋਰ ਧਰਮਾਂ ਅਨੁਸਾਰ ਭਾਵੇਂ ਇਸ ਦਾ ਪੀਣਾ ਪਾਪ ਤਾਂ ਨਹੀਂ—ਪਰ ਪਾਪਾਂ ਦੀ ਜੜ੍ਹ ਜ਼ਰੂਰ ਹੈ। ਇਹੀ ਕਾਰਨ ਹੈ ਕਿ ਗੁਰਦੁਆਰਾ ਕਾਨੂੰਨ ਹੇਠਾਂ ਵੋਟ ਦਾ ਵਡਮੁਲਾ ਹੱਕ ਉਹਨਾਂ ਪੁਰਖ-ਇਸਤਰੀਆਂ ਕੋਲੋਂ ਖੋਹ ਲਿਆ ਹੈ ਜੋ ਸ਼ਰਾਬ ਦਾ ਸੇਵਨ ਕਰਦੇ ਹਨ। ਇਸ ਤਰਮੀਮ ਦਾ ਮਨਸ਼ਾ ਤਾਂ ਕੇਵੱਲ ਇਹ ਸੀ ਕਿ ਕਿਸੇ ਨ ਕਿਸੇ ਤਰ੍ਹਾਂ ਸਿਖ ਇਸ ਵਧਦੇ ਰੋਗ ਤੋਂ ਖ਼ਲਾਸੀ ਪਾਣ, ਪਰ ਇਸ ਵਿਚ ਕਿੰਨੀ ਕੁ ਸਫਲਤਾ ਹੋਈ ਹੈ ਉਹ ਪਾਠਕਾਂ ਤੋਂ ਗੁਝੀ ਨਹੀਂ। ਅੰਦਾਜ਼ਾ ਲਗਾਇਆ ਗਿਆ ਹੈ ਕਿ ਕਈ ਕਰੋੜਾਂ ਦੀ ਸ਼ਰਾਬ ਤੇ ਅਫ਼ੀਮ ਦਾ ਸੇਵਨ ਸਿਖ ਜ਼ਿਲਿਆਂ ਵਿਚ ਕੀਤਾ ਜਾ ਰਿਹਾ ਹੈ। ਇਹ ਜ਼ਾਹਰ ਕਰਦਾ ਹੈ ਕਿ ਇਹ ਰੋਗ ਦਿਨੋਂ ਦਿਨ ਕਿਤਨਾ ਵਧ ਰਿਹਾ ਹੈ।

ਸ਼ਰਾਬ ਦੀ ਵਰਤੋਂ ਕੇਵਲ ਇਤਨਾ ਹੀ ਕਰਦੀ ਹੈ ਕਿ ਮਨੁਖ ਨੂੰ ਪਸ਼ੂ ਤੋਂ ਵੀ ਨੀਵਾਂ ਬਣਾ ਦੇਂਦੀ ਹੈ। ਮਨੁਖ ਤੇ ਪਸ਼ੂ ਵਿਚ ਵਡਾ ਭੇਦ ਕੇਵਲ ਦਿਮਾਗ ਦਾ ਤੇ ਉਸ ਦੇ ਅੰਦਰਲੀ ਕਲਾ ਦਾ ਹੈ ਤੇ ਸ਼ਰਾਬ ਦਾ ਵਡਾ ਗੁਣ ਹੈ ਦਿਮਾਗ ਦੇ ਪੁਰਜ਼ਿਆਂ ਨੂੰ ਢਿਲਾ ਕਰ ਕੇ ਅਕਲ ਨੂੰ ਦਬਾਣਾ ਤੇ ਫੇਰ ਮਾਰਨਾ! ਇਸ ਦੇ ਪੀਤੇ ਮਤ ਵਿਚ ਬਰਲ ਪੈਂਦਾ ਹੈ ਤੇ ਫੇਰ ਮਨੁਖ ਆਪਣੇ ਪਰਾਏ ਵਿਚ ਫ਼ਰਕ ਨਹੀਂ ਸਮਝਦਾ।

ਜਾਂ ਇਉਂ ਵੀ ਕਹਿ ਲਵੋ ਕਿ ਸ਼ਰਾਬ ਅੰਦਰ ਤੇ ਅਕਲ ਬਾਹਰ! ਇਸ ਨੂੰ ਕੋਈ 'ਵੇਖੋ ਵੇਖੀ', ਕੋਈ 'ਗਮ ਗ਼ਲਤ ਕਰਨ ਲਈ', ਕੋਈ ਝੂਠੀ ਤਾਕਤ ਤੇ ਫੋਕੀ ਦਲੇਰੀ ਗ੍ਰਹਿਣ ਕਰਨ ਲਈ, ਕੋਈ ਥਕਾਵਟ ਲਾਹੁਣ ਦੇ ਬਹਾਨੇ ਤੇ ਕੋਈ ਸਰਦੇ ਪੁਜਦੇ ਸ਼ਰਾਬੀਆਂ ਜਾਂ ਖਾਣ ਪੀਣ ਵਾਲੇ ਅਫ਼ਸਰਾਂ ਦੇ ਨਾਲ ਮਿਤ੍ਰਤਾ ਗੰਢਣ ਲਈ ਪੀਂਦਾ ਹੈ, ਕਿਉਂਕਿ ਪਿਆਲੇ ਦੀ ਪ੍ਰੀਤ ਪੱਕੀ ਹੁੰਦੀ ਹੈ, ਅਤੇ ਉਹ ਵੀ ਇਸ ਕਰਕੇ ਕਿ ਲੋਰ ਵਿਚ ਆ ਕੇ ਕਈ ਪਰਦੇ ਵਾਲੀਆਂ ਗੱਲਾਂ ਜਾਂ ਹੋਰ ਕਰਤੂਤਾਂ ਵੀ ਦਸ ਹੋ ਜਾਂਦੀਆਂ ਹਨ, ਜਿਸ ਕਰਕੇ ਦੂਜੇ ਦੇ ਦਬਾ ਹੇਠ ਆ ਜਾਈਦਾ ਹੈ।

ਪੀਣ ਵੇਲੇ ਇਹ 'ਕੋੜਾ' ਘੁਟ 'ਮਿਠਾ' ਲਗਦਾ ਹੈ, ਪਰ ਅਖ਼ੀਰ ਵਿਚ ਇਹ ਆਪਣਾ ਅਸਲ ਕੋੜਾ ਰੂਪ

[ਬਾਕੀ ਦੇਖੋ ਸਫ਼ਾ ੩੨ ਦੇ ਹੇਠ]

---

ਮਸਖਰੇ ਪੁਰਸ਼ ਅਜਿਹੇ 'ਬੜੇ' ਬਣਾ ਕੇ ਮਖੌਲ ਕਰਦੇ ਹੁੰਦੇ ਹਨ। ਏਸ ਲਈ ਹੁਣ ਆਪ ਹੀ ਫ਼ੈਸਲਾ ਕਰ ਲਓ ਜੋ ਆਪ ਬੜਾ ਬਨਣਾ ਚਾਹੁੰਦੇ ਹੋ ਜਾਂ ਛੋਟਾ ?

ਇਸ ਅਨੰਦ-ਦਾਤੇ ਤੇ ਦੁਖ-ਦਾਤੇ ਬਣਨ ਸਬੰਧੀ ਸਤਿਗੁਰੂ ਜੀ ਦੇ ਉਪਦੇਸ਼ ਹਨ :—

ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ
ਆਏ ॥ ਜਲਿ ਜਾਉ ਏਹੁ ਬਡਪਨਾ ਮਾਇਆ
ਲਪਟਾਏ ॥੧॥ [ਸੂਹੀ ਮ: ੫, ਪੰਨਾ ੭੪੫

ਤਥਾ :—ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ
ਤਲੈ ॥ ਬਡੇ ਬਡੇ ਅਹੰਕਾਰੀਆ ਨਾਨਕ
ਗਰਬਿ ਗਲੈ ॥੧॥੧੨॥ [ਸੁਖਮਨੀ ਸਾਹਿਬ

ਹੋਰ :—ਆਪਸ ਕਉ ਜੋ ਭਲਾ ਕਹਾਵੈ ॥
ਤਿਸਹਿ ਭਲਾਈ ਨਿਕਟਿ ਨਾ ਆਵੈ ॥
[ਸੁਖਮਨੀ ਸਾਹਿਬ

ਸੋ ਜਿਹੜੇ ਗੁਰਸਿਖ ਸੇਵਾ ਦੀ ਕਾਰ ਫੜ ਕੇ ਸਵਾਰਥਾਂ ਵਿਚ ਦੂਜੇ ਵੀਰਾਂ ਦੀ ਬੇਪਤੀ ਕਰ ਕੇ, ਬੜੇ ਬਣਨ ਦੇ ਇਛਾਵਾਨ ਹਨ, ਠੀਕ, ਹਾਂ ਠੀਕ! ਉਹਨਾਂ ਦੀ ਦਸ਼ਾ ਲਿੱਦ ਦੇ ਬੜਿਆਂ ਜਿਹੀ ਹੀ ਸਮਝਣੀ ਚਾਹੀਦੀ ਹੈ। ਨਿਰਸਵਾਰਥ ਸਚੇ ਭਾਵ ਨਾਲ ਸੇਵਾ ਕਰਨ ਵਾਲੇ ਸੇਵਕਾਂ ਦੇ ਵਿਚਾਰ ਸਦਾ ਇਹ ਰਹਿੰਦੇ ਹਨ ਕਿ—

ਲੋਕਨ ਕੀਆ ਵਡਿਆਈਆ ਬੈਸੰਤਰਿ
ਪਾਗਉ ॥ [ਬਿਲਾਵਲ ਮ: ੫, ਪੰਨਾ ੮੦੮

ਪਰ ਵਡਿਆਈਆਂ ਉਹਨਾਂ ਦੇ ਪਿਛੇ ਲਗੀਆਂ ਫਿਰਦੀਆਂ ਹਨ। ਹਾਂ ਹਾਂ, 'ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ' (੯੦) ਅਟੱਲ ਤੇ ਸਤਿ ਹੈ।

['ਗੁਰਮਤਿ ਵਿਚਾਰ ਪਤ੍ਰਿਕਾ' ਵਿਚੋਂ ਧੰਨਵਾਦ ਸਹਿਤ



www.AKJ.Org

# ਰੋਟੀਆਂ ਕਾਰਣਿ ਪੂਰਹਿ ਤਾਲ

ਅਜ ਸਾਡੇ ਸਭ ਰਾਗੀ ਢਾਡੀ, ਪਰਚਾਰਕ ਬਦੇਸ਼ਾਂ ਵਿਚ ਸਿਖੀ ਪਰਚਾਰ ਲਈ ਦੌੜੇ ਫਿਰਦੇ ਹਨ । ਜੇ ਅਸਲੀਅਤ ਫਰੋਲੀ ਜਾਵੇ ਤਾਂ ਇਹ ਸਭ ਕੁਝ ਰੋਟੀਆਂ ਕਾਰਨ ਹੀ ਤਾਲ-ਪੂਰਨਾ ਹੁੰਦੀ ਹੈ । ਜਾਣਾ ਤਾਂ ਸਿਖੀ ਪਰਚਾਰ ਲਈ, ਪਰ ਨਿਜੀ ਸੁਆਰਥ ਦੇ ਅਧੀਨ ਮਨਮਤਿ ਨੂੰ ਸ਼ਹਿ ਦੇਂਦੇ ਹਨ । ਬਦੇਸ਼ਾਂ ਵਿਚ ਵਰਤ ਰਹੀਆਂ ਕੁਰੀਤੀਆਂ ਅਤੇ ਬੇਅਦਬੀਆਂ ਦੇ ਖ਼ਿਲਾਫ਼ ਮੂੰਹ ਤੋਂ ਇਕ ਅੱਖਰ ਤਕ ਨਾ ਬੋਲ ਸਕਣਾ, ਕਿਥੋਂ ਦਾ ਸਿਖੀ ਪਰਚਾਰ ਹੈ !

ਹੁਣੇ ਹੁਣੇ ਸਾਡੇ ਇਤਿਹਾਸਕਾਰ ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਨੂੰ ਇਕ ਪਤਰਕਾ ਕੈਨੇਡਾ ਤੋਂ ਆਈ ਹੈ ਜਿਸ ਵਿਚ ਰਿਚਮੈਂਡ ਸ਼ਹਿਰ ਵਿਚ ਰਹਿੰਦੇ "ਗੁਰੂ ਤੇਗ ਬਹਾਦਰ ੩੦੦ ਸਾਲਾ ਸ਼ਹੀਦੀ ਫ਼ਾਊਂਡੇਸ਼ਨ ਕੇਨੇਡਾ" ਦੇ ਪਰਧਾਨ ਸਾਹਿਬ ਨੇ ਕੈਨੇਡਾ ਗਏ ਬਰਾਏ-ਨਾਮ ਸਿਖਾਂ ਦੀ ਅਧੋਗਤੀ ਦੀ ਦਸ਼ਾ ਬੜੀ ਦੁਖ-ਭਰੀ ਬਿਆਨ ਕੀਤੀ ਹੈ ਕਿ ਅਖੌਤੀ ਸਿਖ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਨੰਗੇ ਸਿਰ ਆ ਕੇ ਬੈਠਦੇ ਹਨ ਅਤੇ ਸਾਡੇ ਇਹ ਰਾਗੀ ਪ੍ਰਚਾਰਕ ਇਸ ਘੋਰ ਬੇਅਦਬੀ ਤੇ ਹਮਾਕਤ ਵਲੋਂ ਇਸ ਕਰਕੇ ਅਖਾਂ ਮੀਟ ਕੇ ਦੜ ਵਟੀ ਰਖਦੇ ਹਨ ਅਤੇ ਇਸ ਦੇ ਬਰਖ਼ਿਲਾਫ਼ ਇਕ ਅੱਖਰ ਨਹੀਂ ਬੋਲਦੇ, ਕਿਉਂਕਿ ਇਹ ਉਨ੍ਹਾਂ ਲੋਕਾਂ ਨੂੰ ਨਰਾਜ਼ ਕਰ ਕੇ, ਉਨ੍ਹਾਂ ਤੋਂ ਮਾਇਆ ਦੇ ਗਫੇ ਨਹੀਂ ਪ੍ਰਾਪਤ ਕਰ ਸਕਦੇ । ਉਸ ਚਿਠੀ ਦੀ ਹੂਬਹੂ ਨਕਲ ਨਾਵਾਂ ਤੋਂ ਬਿਨਾਂ ਹੇਠਾਂ ਦਿਤੀ ਜਾਰਹੀ ਹੈ । [ਸੰਪਾਦਕ

ਸਤਿਕਾਰਯੋਗ ਸ੍ਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ

ਵਾਹਿਗੁਰੂ ਜੀ ਕੀ ਫ਼ਤਹ

ਤੁਹਾਡਾ ਕਿਰਪਾ ਪਤਰ ਪੁਜਿਆ । ਸਾਨੂੰ ਇਹ ਪੜ੍ਹ ਕੇ ਅਤਿਅੰਤ ਪ੍ਰਸੰਨਤਾ ਹੋਈ ਕਿ ਤੁਹਾਨੂੰ ਆਪਣਾ ਲੇਖ "ਸ੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ" ਕੈਨੇਡਾ ਦੀ ਯਾਦਗਾਰੀ ਕਿਤਾਬ ਵਿਚ ਛਪਿਆ ਵੇਖ ਕੇ ਖੁਸ਼ੀ ਹੋਈ ਹੈ ।

... ... ...

ਬੜੀ ਖੁਸ਼ੀ ਦੀ ਗੱਲ ਹੈ ਕਿ ਤੁਸੀਂ ਇਥੇ ਆਉਣ ਦਾ ਵਿਚਾਰ ਰਖਦੇ ਹੋ । ਜੇ ਤੁਸੀਂ ਪ੍ਰਚਾਰਕ ਦੇ ਤੌਰ ਤੇ ਆ ਰਹੇ ਹੋ ਤਦ ਸਾਨੂੰ ਇਥੇ ਲੋੜ ਹੈ ਸਿੱਖੀ ਦੇ ਸੱਚੇ ਤੇ ਅਸੂਲਾਂ ਨੂੰ ਆਪ ਅਪਣਾਉਣ ਵਾਲੇ ਤੇ ਸੰਗਤਾਂ ਨੂੰ ਪ੍ਰੇਰਨ ਵਾਲੇ ਪ੍ਰਚਾਰਕ ਦੀ, ਪੰਥ ਦਰਦੀ ਦੀ ।

ਤੁਸੀਂ ਪੜ੍ਹਿਆ ਤੇ ਸੁਣਿਆ ਹੀ ਹੋਵੇਗਾ ਕਿ ਕੈਨੇਡਾ ਨਿਵਾਸੀ ਸਿਖ ਪਿਛਲੇ ਕਈ ਸਾਲਾਂ ਤੋਂ ਸਿਰ ਨੰਗੇ ਹੀ ਗੁਰਦੁਆਰਾ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਉਂਦੇ ਹਨ, ਪੰਥ ਦਰਦੀ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਮਹਿਸੂਸ ਕਰੰਦਾ ਹੈ, ਤੇ ਉਸ ਦਾ ਹਿਰਦਾ ਦੁਖੀ ਹੁੰਦਾ ਹੈ ।

ਇਸ ਘੋਰ ਬੇਅਦਬੀ ਦੇ ਸੁਧਾਰ ਦਾ, ਜੁਲਾਈ ੧੯੭੪ ਵਿਚ ਜਦੋਂ ਸ੍ਰੋ: ਗੁ: ਪ੍ਰ: ਕਮੇਟੀ ਦੇ ਲੀਡਰ ਤੇ ਯੋਗੀ ਜੀ ਇਥੇ ਆਏ ਤਦ ਵਡੇ ਪੈਮਾਨੇ ਵਿਚ ਮੋਰਚਾ ਲਗਾ, ਬੇਨਤੀਆਂ ਕੀਤੀਆਂ ਗਈਆਂ ਕਿ ਹਰ ਸਿਖ ਗੁਰ ਦਰਬਾਰ ਅੰਦਰ ਸਿਰ ਢੱਕ ਕੇ ਆਏ । ਇਹ ਮੋਰਚਾ ਹਾਲੀ ਤੀਕ ਜਾਰੀ ਹੈ । ਗੁਰੂ ਦੀ ਮਿਹਰ ਦੇ ਨਾਲ ਚਲਦਾ ਰਹੇਗਾ ਜਦੋਂ ਤੀਕ ਇਥੇ ਦਾ ਸਿਖ ਆਪਣਾ ਅਸਲੀ ਰੂਪ, ਜਿਹੜਾ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਖ਼ਸ਼ਿਆ ਹੈ, ਨਹੀਂ ਧਾਰਨ ਕਰਦਾ । ਗੁਰੂ ਦੀ ਬਖ਼ਸ਼ਿਸ਼ ਹੋ ਰਹੀ ਹੈ । ਸਫ਼ਲਤਾ ਦੇ ਚਿੰਨ੍ਹ ਹਨ ਕਿ ਤਕਰੀਬਨ ੮੦ ਫ਼ੀ ਸਦੀ ਸੰਗਤ ਸਿਰ ਢਕ ਕੇ ਦਰਬਾਰ ਅੰਦਰ ਆਉਂਦੀ ਹੈ ।

੧੯੭੪ ਵਿਚ ਜੋ ਪ੍ਰਚਾਰਕ ਆਏ ਉਹ ਪੰਥ-ਦਰਦੀ ਸਨ । ਉਨ੍ਹਾਂ ਤੇ ਇਥੋਂ ਦੀ ਸ਼ਰਧਾਵਾਨ ਸੰਗਤ ਨੂੰ ਮਾਣ ਹੈ । ਪਰ ਅਫ਼ਸੋਸ ਜੋ ੧੯੭੫ ਵਿਚ ਆਏ, ਭਾਵੇਂ ਨਿੱਜੀ ਤੌਰ ਤੇ ਭਾਵੇਂ ਸ੍ਰੋ: ਗੁ: ਪ੍ਰ: ਕਮੇਟੀ ਦੀ ਰਾਹੀਂ, ਸ਼ਰਧਾਵਾਨ ਸੰਗਤਾਂ ਵਲੋਂ ਬੇਨਤੀਆਂ ਕਰਨ ਦੇ ਬਾਵਜੂਦ ਵੀ ਉਹ ਸਟੇਜ ਤੋਂ ਇਕ ਵਾਰੀ ਵੀ ਇਹ ਨਾ ਆਖ ਸਕੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ



www.AKJ.Org

ਆਦਰ ਤੇ ਸਤਿਕਾਰ ਨੂੰ ਮੁਖ ਰਖਦਿਆਂ ਹੋਇਆਂ ਸਿਰ ਢੱਕ ਕੇ ਦਰਬਾਰ ਵਿਚ ਆਇਆ ਕਰੋ। ਇਹ ਹਨ......ਲੀਡਰ ਪਰਚਾਰਕ ਤੇ ਰਾਗੀ। ਹਾਂ, ਸਟੇਜ ਤੋਂ ਇਨ੍ਹਾਂ ਪੁਰਸ਼ਾਂ ਦੀ ਪਹਿਲਾਂ ਸਕੱਤਰ ਖ਼ੂਬ ਤਾਰੀਫ਼ ਕਰਦਾ ਹੈ ਤੇ ਸੰਗਤਾਂ ਨੂੰ ਦਸਦਾ ਹੈ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਆਏ ਹਨ......ਆਦਿ। ਪਰ ਇਹ ਆਪ ਸਾਹਮਣੇ ਸਿਰ ਨੰਗਿਆਂ ਨੂੰ ਵੇਖ ਕੇ ਵੀ, ਤੇ ਬੇਨਤੀ ਕਰਨ ਦੇ ਬਾਵਜੂਦ ਵੀ ਸਿਰ ਢੱਕਣ ਲਈ ਨਹੀਂ ਕਹਿ ਸਕਦੇ। ਕਿਉਂ? ਮਾਇਆ ਦਾ ਪ੍ਰਭਾਵ ਜ਼ਿਆਦਾ ਹੈ। ਤੇ ਸਿੱਖੀ ਦਾ? ਗੁਰੂ ਹੀ ਜਾਣੇ ਕਿੰਨਾ ਕੁ! ਐਹੋ ਜਿਹੇ ਪ੍ਰਚਾਰਕਾਂ ਦੇ ਆਉਣ ਦੇ ਨਾਲ ਸਿੱਖੀ ਨੂੰ ਢਾਹ ਲਗਦੀ ਹੈ, ਜਦੋਂ ਕਿ ਅਸੀਂ ਧਰਮ ਦੇ ਪੱਧਰ ਤੋਂ ਪਹਿਲੋਂ ਬਹੁਤ ਦੂਰ ਜਾ ਰਹੇ ਹਾਂ। ਵਾਹਿਗੁਰੂ ਸੁਮੱਤ ਬਖਸ਼ੇ।

ਤੁਸੀਂ ਆਓ! ਜੀ ਆਇਆਂ ਨੂੰ! ਸਿਖ ਤੇ ਹਰ ਰੋਜ਼ ਅਰਦਾਸ ਵਿਚ ਗੁਰਮੁਖਾਂ ਦਾ ਮੇਲ ਮੰਗਦਾ ਹੈ।

ਸ਼ੁਭ ਇਛਾਵਾਂ ਸਹਿਤ
ਗੁਰਦਿਆਲ ਸਿੰਘ ਨੀਲ

---

ਵਿਖਾਏ ਬਿਨਾਂ ਘਟ ਹੀ ਰਹਿੰਦਾ ਹੈ, ਜਦ ਕਿ 'ਧਾਨ' ਤੇ 'ਧਾਮ' ਨੂੰ, 'ਸਮੇਂ ਤੇ ਸਿਹਤ' ਨੂੰ, 'ਅਕਲ ਤੇ ਆਦਮੀਅਤ' ਨੂੰ, 'ਇਜ਼ਤ ਤੇ ਆਬਰੂ' ਸਭ ਨੂੰ ਉਜਾੜ ਕੇ ਹੀ ਸਾਹ ਲੈਂਦਾ ਹੈ। ਮਨੋ-ਵਿਗਿਆਨਕਾਂ ਦਾ ਤਾਂ ਖ਼ਿਆਲ ਹੈ ਕਿ ਸ਼ਰਾਬ ਜਾਂ ਹੋਰ ਨਸ਼ਿਆਂ ਵਲ ਰੁਚੀ ਮਨੁਖੀ ਮਾਨਸਕ ਕਮਜ਼ੋਰੀ ਦੀ ਇਕ ਨਿਸ਼ਾਨੀ ਹੈ, ਤੇ ਇਸ ਦਾ ਭੈੜਾ ਪ੍ਰਭਾਵ ਬੱਚਿਆਂ ਤੇ ਜਵਾਨਾਂ ਤੇ ਹਦ ਦਰਜੇ ਦਾ ਪੈਂਦਾ ਹੈ।

ਸਭ ਦੇਸਾਂ ਵਿਚ ਇਹ ਕਿਸੇ ਨ ਕਿਸੇ ਉਪੱਦਰਵ ਦਾ ਕਾਰਨ ਵੀ ਸਮਝਿਆ ਜਾਂਦਾ ਹੈ। ਇਕ ਅੰਗਰੇਜ਼ ਜੱਜ ਦੇ ਕਥਨ ਅਨੁਸਾਰ ਤਾਂ ਕੋਈ ਵੀ ਐਸਾ ਅਪਰਾਧ ਨਹੀਂ ਜੋ ਸਿਧੇ ਜਾਂ ਵਿੰਗੇ ਤਰੀਕੇ ਨਾਲ ਸ਼ਰਾਬ ਤੋਂ ਉਤਪੰਨ ਨਾ ਹੁੰਦਾ ਹੋਵੇ। ਜੇ ਇਸ ਨੂੰ 'ਸ਼ਰਾਰਤ ਦਾ ਪਾਣੀ' ਜਾਂ 'ਪਾਣੀ ਰੂਪ ਅੱਗ' ਕਿਹਾ ਜਾਵੇ ਤਾਂ ਗ਼ਲਤ ਨਹੀਂ ਹੋਵੇਗਾ। ਇਹੀ ਕਾਰਨ ਹੈ ਕਿ ਅਮਰੀਕਾ ਜਿਹੇ ਸਭਯ ਮੁਲਕ ਵਿਚ ਵੀ ਇਸ ਦੀ ਵਰਤੋਂ ਉੱਕਾ ਹੀ ਬੰਦ ਕਰਨ ਦਾ ਯਤਨ ਕੀਤਾ ਗਿਆ, ਪਰ ਹੱਡਾਂ ਵਿਚ ਵੜੀ ਹੋਈ ਬੀਮਾਰੀ ਸੌਖੀ ਥੋੜੀ ਨਿਕਲਦੀ ਹੈ!

ਸਾਡੇ ਜਿਹੇ ਗ਼ਰੀਬ, ਮੰਗਤੇ, 'ਗਰਮ' ਦੇਸ਼ ਵਿਚ ਤਾਂ ਹੋਰ ਹੀ ਇਹ ਤਬਾਹੀ ਲਿਆਂਦੀ ਹੈ। ਅਚੰਭੇ ਦੀ ਗੱਲ ਹੈ ਕਿ ਧੋਬੀਆਂ, ਮੇਹਤਰਾਂ ਤੇ ਮਜ਼ਦੂਰਾਂ, ਜਿਨ੍ਹਾਂ ਨੂੰ ਰੱਜ ਕੇ ਰੋਟੀ ਨਹੀਂ ਮਿਲਦੀ ਤੇ ਤਨ ਢੱਕਣ ਨੂੰ ਕਪੜਾ ਨਹੀਂ ਲਭਦਾ, ਜਿਨ੍ਹਾਂ ਦੀ ਕਮਾਈ ਗਾੜ੍ਹੇ ਪਸੀਨੇ ਦੀ ਹੈ, ਉਨ੍ਹਾਂ ਤੇ ਇਸ ਦਾ ਪ੍ਰਭਾਵ ਬਹੁਤਾ ਹੈ। ਨਾ ਹੀ ਕਾਰੀਗਰ ਅਤੇ ਨਾ ਹੀ ਉਨ੍ਹਾਂ ਤੋਂ ਬਣੇ ਕਾਰਖ਼ਾਨੇ-ਦਾਰ ਇਸ ਤੋਂ ਬਚੇ ਹੋਏ ਹਨ।

ਜੱਟ ਜ਼ਿਮੀਦਾਰਾਂ ਦੀ ਤਾਂ ਪੁਛੋ ਹੀ ਨਾ। ਉਹਨਾਂ ਨੂੰ ਫ਼ੌਜਦਾਰੀ ਮੁਕੱਦਮਿਆਂ ਵਿਚ ਫਸਾਉਣ ਤੇ ਘਰ ਲੁਟਾਉਣ ਦਾ ਸਭ ਤੋਂ ਵਧੇਰੇ ਹੱਥ ਵੀ ਇਸੇ ਸ਼ਰਾਬ ਦਾ ਹੀ ਹੈ। ਕਈਆਂ ਨੂੰ ਤਾਂ ਸ਼ਰਾਬ ਦੇ ਨਸ਼ੇ ਹੇਠਾਂ ਰੁਖਾਂ ਨਾਲ ਟਕਰਾਂ ਮਾਰਦੇ ਵੀ ਦੇਖਿਆ ਗਿਆ ਹੈ। ਗੰਦੀਆਂ ਨਾਲੀਆਂ ਵਿਚ ਲੇਟਣਾ ਤਾਂ ਮਮੂਲੀ ਗੱਲ ਹੈ।

ਇਹ ਸ਼ੌਕ ਕਿਸੇ ਨੇ ਫ਼ੌਜ ਵਿਚੋਂ, ਕਿਸੇ ਨੇ ਪ੍ਰਦੇਸ ਵਿਚੋਂ ਲਿਆਂਦਾ ਹੁੰਦਾ ਹੈ, ਤੇ ਕਿਸੇ ਨੇ ਅਮੀਰਾਂ ਤੇ ਕਈ ਅੰਗਰੇਜ਼ੀ ਫ਼ੈਸ਼ਨ ਦੇ ਅਫ਼ਸਰਾਂ ਦੀ ਨਕਲ ਵਿਚ ਲਿਆ ਹੁੰਦਾ ਹੈ। ਪਰ ਹੁੰਦਾ ਸ਼ੁਰੂ ਵਿਚ ਓਪਰਾ ਜਿਹਾ ਹੀ ਹੈ।

ਭਲਾ ਅਮੀਰ ਤਾਂ ਆਪਣੀ ਵਾਧੂ ਦੌਲਤ ਤੇ ਕਾਲਾ ਧਨ ਸ਼ਰਾਬ ਵਿਚ ਰੁੜ੍ਹਾਣ, ਪਰ ਗ਼ਰੀਬ ਕਿਉਂ? ਇਸ ਲਈ ਪਿਆਲੇ ਦੇ ਪੁਜਾਰੀਓ, ਭੰਨ ਸੁਟੋ ਇਸ ਨੂੰ, ਤੇ ਧਿਆਨ ਕਰੋ ਆਪਣੀ ਔਲਾਦ ਦੇ ਹਿਤ ਦਾ, ਆਪਣੇ ਟੱਬਰ ਦੇ ਲਾਭ ਦਾ, ਆਪਣੀ ਸਿਹਤ, ਦੌਲਤ ਤੇ ਇੱਜ਼ਤ ਦਾ, ਆਪਣੇ ਦੇਸ ਤੇ ਭਾਈਚਾਰੇ ਦੇ ਭਲੇ ਦਾ। ਛਡੋ ਇਸ ਚੰਦਰੀ ਵਾਦੀ ਨੂੰ। ਦ੍ਰਿੜ੍ਹ ਇਰਾਦਾ ਸਭ ਰੁਕਾਵਟਾਂ ਨੂੰ ਦੂਰ ਕਰ ਦੇਂਦਾ ਹੈ। ਇਲਾਜ ਇਸ ਦਾ ਹੈ, ਪਰ ਜੇ ਕੋਈ ਚਾਹੇ ਤੇ ਦ੍ਰਿੜ੍ਹਤਾ ਨਾਲ ਕਰੇ।

['ਦੁਖ ਨਿਵਾਰਨ' ਤਰਨਤਾਰਨ ਵਿਚਲੇ ਲੇਖ ਵਿਚੋਂ



www.AKJ.Org

# ਸਿਖ ਧਰਮ ਵਿਚ ਮਾਸ ਸ਼ਰਾਬ (੩)

## ਗੁਰਬਾਣੀ ਦੇ ਅਧਾਰ ਤੇ

[ਵਲੋਂ :—ਜੇ. ਪੀ. ਸੰਗਤ ਸਿੰਘ ਜੀ, ਬੰਬਈ]

ਕਬੀਰ ਜੀ ਦਸਦੇ ਹਨ ਕਿ ਨਿਰਬਲ ਅਤੇ ਕਮਜ਼ੋਰ ਜੀਵਾਂ ਦੇ ਸੁਆਮੀ—ਵਾਹਿਗੁਰੂ ਜੀ ਦਾ ਹੁਕਮ ਹੈ ਕਿ ਕਮਜ਼ੋਰਾਂ ਉਤੇ ਜ਼ੁਲਮ, ਜਬਰ ਨਾ ਕੀਤਾ ਜਾਏ :—

ਅਲਹ ਅਵਲਿ ਦੀਨ ਕੋ ਸਾਹਿਬੁ, ਜੋਰੁ ਨਹੀ ਫੁਰਮਾਵੈ ॥੨॥ [ਆਸਾ ਕਬੀਰ ਜੀ, ੪੮੦

ਜ਼ੋਰ ਵਾਲਿਆਂ ਨੂੰ ਕਬੀਰ ਜੀ ਤਾੜਨਾ ਕਰਦੇ ਹਨ ਕਿ ਦੀਨਾਂ ਤੇ ਕਮਜ਼ੋਰਾਂ ਉਤੇ ਜ਼ੁਲਮ ਕਰਨਾ ਪ੍ਰਭੂ ਦੀ ਇਛਾ ਵਿਰੁਧ ਹੈ :—

ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ ॥ ਦਫਤਰਿ ਲੇਖਾ ਮਾਂਗੀਐ, ਤਬ ਹੋਇਗੋ ਕਉਨੁ ਹਵਾਲੁ ॥੧੮੭॥
[ਸਲੋਕ ਕਬੀਰ ਜੀ, ੧੩੭੪

ਕਬੀਰ ਜੋਰੁ ਕੀਆ ਸੋ ਜੁਲਮੁ ਹੈ, ਲੇਇ ਜਬਾਬੁ ਖੁਦਾਇ ॥ ਦਫਤਰ ਲੇਖਾ ਨੀਕਸੈ, ਮਾਰ ਮੁਹੈ ਮੁਹਿ ਖਾਇ ॥੨੦੦॥
[ਸਲੋਕ ਕਬੀਰ ਜੀ, ੧੩੭੫

ਹਰ ਇਕ ਜੀਵ ਨੂੰ, ਭਾਵੇਂ ਉਹ ਮਨੁਖ ਹੈ, ਪਸ਼ੂ ਹੈ ਜਾਂ ਪੰਛੀ, ਕੁਕੜ ਹੈ, ਬਕਰਾ ਹੈ ਜਾਂ ਮੱਛੀ ਹੈ, ਆਪਣੀ ਆਪਣੀ ਜਾਨ ਇਕੋ ਜਿਹੀ ਹੀ ਪਿਆਰੀ ਹੈ ਅਤੇ ਕੋਈ ਵੀ ਖੁਸ਼ੀ ਨਾਲ ਮਰਨਾ ਨਹੀਂ ਚਾਹੁੰਦਾ। ਕਿਸੇ ਦੀ ਜਾਨ ਲੈਣਾ ਉਹਨਾਂ ਉਤੇ ਜਬਰ ਜ਼ੁਲਮ ਕਰਨਾ ਹੀ ਹੈ। ਮਾਸ ਖਾਣ ਵਾਲੇ ਜਿਹਨਾਂ ਜੀਵਾਂ ਨੂੰ ਵਢਦੇ ਹਨ, ਉਹ ਉਹਨਾਂ ਉਤੇ ਜਬਰ ਜ਼ੁਲਮ ਹੀ ਕਰਦੇ ਹਨ। ਇਸ ਤਰ੍ਹਾਂ ਇਹਨਾਂ ਬੇਜ਼ੁਬਾਨ ਜੀਵਾਂ ਉਤੇ ਜਬਰ ਜ਼ੁਲਮ ਕਰਨ ਵਾਲਿਆਂ ਦਾ ਜਦੋਂ ਪ੍ਰਭੂ-ਦਰਗਾਹ ਵਿਚ ਹਿਸਾਬ ਹੋਵੇਗਾ ਤਾਂ ਉਹਨਾਂ ਨੂੰ ਪਤਾ ਲਗੇਗਾ ਜਦੋਂ ਉਹਨਾਂ ਨੂੰ ਮੂੰਹੋਂ ਮੂੰਹ ਪੈਣਗੀਆਂ—

(ਇਥੇ ਕਬੀਰ ਜੀ ਜੀਵ-ਹਤਿਆ ਕਰਨ ਵਾਲਿਆਂ ਅਤੇ ਮਾਸ ਖਾਣ ਵਾਲਿਆਂ ਨੂੰ ਜਾਬਰ ਅਤੇ ਜ਼ਾਲਮ ਦੀ ਉਪਾਧੀ ਦੇਂਦੇ ਹਨ।)

ਪ੍ਰਭੂ ਦਰਬਾਰ ਵਿਚ ਤਾਂ ਕਿਸੇ ਦਾ ਲਿਹਾਜ਼ ਨਹੀਂ ਹੋਣਾ, ਕਿਸੇ ਨਾਲ ਕਿਸੇ ਪ੍ਰਕਾਰ ਦੀ ਰੂ-ਰਿਆਇਤ ਨਹੀਂ ਕੀਤੀ ਜਾਣੀ, ਉਥੇ ਤਾਂ ਕੇਵਲ :—

ਓਥੈ ਸਚੇ ਹੀ ਸਚਿ ਨਿਬੜੈ, ਚੁਣਿ ਵਖਿ ਕਢੇ ਜਜਮਾਲਿਆ ॥ [ਵਾਰ ਆਸਾ ਮਹਲਾ ੧, ੪੬੩

ਉਥੇ ਤਾਂ :—

ਪੂਰਾ ਨਿਆਉ ਕਰੇ ਕਰਤਾਰੁ ॥
[ਗਉੜੀ ਮਹਲਾ ੫, ੧੯੯

ਸਚਾ ਆਪਿ, ਤਖਤੁ ਸਚਾ, ਬਹਿ ਸਚਾ ਕਰੇ ਨਿਆਉ ॥ [ਰਾਮਕਲੀ ਵਾਰ ਮਹਲਾ ੩, ੯੪੯

ਉਸ ਸਚੇ ਦਰਬਾਰ ਵਿਚ ਸਭ ਨੂੰ ਲੇਖਾ ਦੇਣਾ ਹੀ ਪਵੇਗਾ—

ਸਭਨਾ ਕਾ ਦਰਿ ਲੇਖਾ ਹੋਇ ॥
[ਰਾਮਕਲੀ ਵਾਰ, ਮਹਲਾ ੧, ੯੫੨

ਪ੍ਰਭੂ ਦਰਬਾਰ ਵਿਚ ਤਾਂ ਹਰ ਮਨੁੱਖ ਦੇ ਮਿੰਟ ਮਿੰਟ ਦੇ ਕਰਮਾਂ ਦਾ ਹਿਸਾਬ ਮੌਜੂਦ ਹੈ :—

ਘੜੀ ਮੁਹਤ ਕਾ ਲੇਖਾ ਲੇਵੈ, ਰਤੀਅਹੁ, ਮਾਸਾ ਤੋਲ ਕਢਾਇਆ ॥ [ਮਾਝ ਮ: ੩, ੧੨੭

ਲੇਖਾ ਰਬੁ ਮੰਗੇਸੀਆ, ਬੈਠਾ ਕਢਿ ਵਹੀ ॥ ਤਲਬਾ ਪਉਸਨਿ ਆਕੀਆ, ਬਾਕੀ ਜਿਨਾ ਰਹੀ ॥ [ਰਾਮਕਲੀ ਵਾਰ, ਮਹਲਾ ੧, ੯੫੩

ਮਿੰਟ ਮਿੰਟ ਅਤੇ ਘੜੀ ਪਲ ਦਾ ਲੇਖਾ ਦੇਣਾ ਪਵੇਗਾ, ਬਾਕਾਇਦਾ ਅਤੇ ਪੂਰਾ ਪੂਰਾ ਹਿਸਾਬ ਹੋਵੇਗਾ ਅਤੇ ਅਜ ਜਿਹੜੇ ਨਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਉਪਦੇਸ਼ਾਂ ਦੀ ਪ੍ਰਵਾਹ ਹੀ ਕਰਦੇ ਹਨ, ਨਾ ਸਤਿਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਅਤੇ ਰਹਿਤਨਾਮਿਆਂ ਨੂੰ ਹੀ ਗੌਲਦੇ ਹਨ ਤੇ ਨਾ ਹੀ ਸਤਿਗੁਰੂ ਸਾਹਿਬਾਨ ਦੇ, ਜੀਵਨ-ਕਾਲ ਵਿਚ ਜੀਵਨ-ਇਤਿਹਾਸ ਰਾਹੀਂ ਪਾਏ ਪੂਰਨਿਆਂ ਤੋਂ ਹੀ ਕੋਈ ਜੀਵਨ-ਸੇਧ ਲੈਂਦੇ ਤੇ ਨਾ ਹੀ ਰਹਿਤ ਮਰਯਾਦਾ ਦਾ ਹੀ ਸਤਿਕਾਰ ਕਰਦੇ ਅਤੇ ਜੀਭ-ਸੁਆਦਾਂ ਪਿਛੇ ਲਗ



www.AKJ.Org

ਕੇ ਅਭੱਖ ਵਸਤੂਆਂ ਮਾਸ, ਸ਼ਰਾਬ, ਕਬਾਬ ਆਦਿ ਉਡਾਈ ਜਾ ਰਹੇ ਹਨ, ਅਜਿਹੇ ਆਕੀਆਂ (ਬਾਗੀਆਂ) ਨੂੰ ਅਵੱਸ਼ ਹੀ "ਤਲਬਾਂ ਪਉਸਨ"। ਇਹ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੈਸਲਾ ਹੈ। ਜਿਹੜਾ ਕਦੇ ਬਦਲ ਨਹੀਂ ਸਕਦਾ ਤੇ ਨਾ ਹੀ ਗ਼ਲਤ ਹੋ ਸਕਦਾ ਹੈ ਅਤੇ ਅਜਿਹੇ ਆਕੀਆਂ ਨੂੰ ਅੰਤ ਸਮੇਂ :—

ਨਾਨਕ ਜਿਉ ਮਥਨਿ ਮਾਧਾਣੀਆ, ਤਿਉ
ਮਥੇ ਧ੍ਰਮਰਾਇ ॥ [ਮਹਲਾ ੫, ੧੪੨੫

ਕਬੀਰ ਜੀ ਦਾ ਬਚਨ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਸ ਨੂੰ ਸਮ੍ਰਥਨ ਪ੍ਰਾਪਤ ਹੈ ਕਿ ਜਿਹੜੇ ਮਾਸ, ਮਛੀ ਖਾਂਦੇ ਅਤੇ ਸ਼ਰਾਬਾਂ ਪੀਂਦੇ ਹਨ ਉਹਨਾਂ ਦੇ ਤੀਰਥਾਂ ਉਤੇ ਜਾ ਜਾ ਕੇ ਕੀਤੇ ਸਾਰੇ ਪੁੰਨ ਦਾਨ, ਤੀਰਥ ਵਰਤ ਅਤੇ ਨੇਮ ਕਰਮ ਸਾਰੇ ਦੇ ਸਾਰੇ ਹੀ ਨਿਰਾਰਥ ਜਾਂਦੇ ਹਨ, ਕਿਸੇ ਵੀ ਲੇਖੇ ਨਹੀਂ ਹਨ—

ਕਬੀਰ ਭਾਂਗ, ਮਾਛੁਲੀ, ਸੁਰਾਪਾਨਿ, ਜੋ ਜੋ
ਪ੍ਰਾਨੀ ਖਾਂਹਿ ॥ ਤੀਰਥ, ਬਰਤ, ਨੇਮ ਕੀਏ
ਤੇ ਸਭੈ ਰਸਾਤਲਿ ਜਾਹਿ ॥੨੩੩॥
[ਸਲੋਕ ਕਬੀਰ ਜੀ, ੧੩੭੧

ਮਾਸੁ (ਭਾਂਗ), ਮਛੀ (ਮਾਛੁਲੀ), ਸ਼ਰਾਬ ਸੇਵਨ (ਸੁਰਾ ਪਾਨਿ) ਜਿਹੜੇ ਜਿਹੜੇ ਜਿਹੜੇ ਲੋਕੀ ਇਹਨਾਂ ਦੀ ਵਰਤੋਂ ਕਰਦੇ ਹਨ, ਉਹਨਾਂ ਦੇ ਤੀਰਥਾਂ ਤੇ ਜਾ ਜਾ ਕੇ ਕੀਤੇ ਨੇਮ, ਧਰਮ, ਪੁੰਨ, ਦਾਨ ਆਦਿ, ਸਾਰੇ ਹੀ ਨਿਰਾਰਥ ਜਾਂਦੇ ਹਨ, ਸਗੋਂ ਇਹ ਕਰਮ ਉਹਨਾਂ ਨੂੰ ਉਲਟਾ ਰਸਾਤਲ ਵਲ ਲੈ ਜਾਂਦੇ ਹਨ।

ਸਤਿਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ, ਜੀਵਾਂ ਨੂੰ ਕੁਹ ਕੁਹ ਕੇ ਖਾਣ ਵਾਲਿਆਂ ਨੂੰ "ਨਿਰਲਜ" ਅਥਵਾ "ਬੇਸ਼ਰਮ" ਦੀ ਉਪਾਧੀ ਦੇਂਦੇ ਹਨ :—

ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆ ਕੁਹਤ
ਨ ਸੰਗੈ ਪਰਾਣੀ ॥ [ਗਉੜੀ ਮਹਲਾ ੫, ੨੦੧

ਬਾਣੀ ਬੜੀ ਕੰਠ ਹੈ, ਗਲਾ ਵੀ ਬੜਾ ਹੀ ਮਿਠਾ ਅਤੇ ਰਸੀਲਾ ਹੈ, ਪਰ ਜੀਭ-ਸੁਆਦ ਲਈ ਪ੍ਰਭੂ ਦੇ ਜੀਵਾਂ ਨੂੰ ਕੁਹਣ ਲਗਿਆਂ ਸ਼ਰਮ ਨਹੀਂ ਕਰਦਾ, ਨਿਰਲਜ ਹੋ ਜਾਂਦਾ ਹੈ ਤੇ ਫਿਰ ਇਹ ਬਾਣੀ ਪੜ੍ਹੀ ਕਿਸ ਅਰਥ ?

ਮਾਰਣ ਪਾਹਿ ਹਰਾਮ ਮਹਿ, ਹੋਇ ਹਲਾਲੁ ਨ
ਜਾਇ ॥ ਨਾਨਕ ਗਲੀ ਕੂੜੀਈ, ਕੂੜੋ ਪਲੈ
ਪਾਇ ॥੨॥ [ਵਾਰ ਮਾਝ ਮਹਲਾ ੧, ੧੪੧

ਕਿਸੇ ਜੀਵ ਦੀ ਹਤਿਆ ਕਰਨਾ ਸਦਾ ਹੀ ਹਰਾਮ ਹੈ ਅਤੇ ਇਹ ਕਿਸੇ ਤਰ੍ਹਾਂ ਵੀ ਭਾਵੇਂ ਅਲਾ ਦਾ ਨਾਉਂ ਲਿਆ ਜਾਏ ਭਾਵੇਂ ਵਾਹਿਗੁਰੂ ਦਾ, ਅਤੇ ਭਾਵੇਂ ਮੂਲ ਮੰਤ੍ਰ ਪੜ੍ਹਿਆ ਜਾਏ, ਇਹ ਹਲਾਲ ਭਾਵ ਜਾਇਜ਼ ਨਹੀਂ ਹੋ ਸਕਦਾ। ਜੋ ਅਯੋਗ ਤੇ ਕੂੜ ਜਾਂ ਗਲਤ ਹੈ, ਉਹ ਸਦਾ ਹੀ, ਹਰ ਹਾਲ ਵਿਚ ਅਯੋਗ ਤੇ ਕੂੜ ਜਾਂ ਗ਼ਲਤ ਹੈ, ਉਹ ਸਦਾ ਹੀ, ਹਰ ਹਾਲ ਵਿਚ ਅਯੋਗ, ਕੂੜ ਅਤੇ ਗ਼ਲਤ ਹੀ ਰਹੇਗਾ। ਅਤੇ ਕੂੜ ਜਾਂ ਅ-ਸਤ ਵਿਚੋਂ ਗ਼ਲਤ ਅਤੇ ਕੂੜ ਦੀ ਹੀ ਪ੍ਰਾਪਤੀ ਹੋਵੇਗੀ।

ਇਕ ਜੀਅ, ਕੈ ਜੀਆ ਖਾਹੀ ॥ ਜਲਿ
ਤਰਤੀ ਬੂਡੀ ਜਲ ਮਾਹੀ ॥ ਸਰਬ ਜੀਆ
ਕੀਏ ਪ੍ਰਤਪਾਨੀ ॥ ਜਬ ਪਕੜੀ ਤਬ ਹੀ
ਪਛੁਤਾਨੀ ॥ [ਮਲਾਰ ਮਹਲਾ ੧, ੧੨੭੫

ਜਿਵੇਂ ਇਕ ਇਕੱਲੀ (ਮਛਲੀ) ਕਈ ਛੋਟੀਆਂ ਛੋਟੀਆਂ ਮਛੀਆਂ ਨੂੰ ਤੇ ਜੀਵਾਂ ਨੂੰ ਖਾਂਦੀ ਹੈ ਤੇ ਜਲ ਵਿਚ ਤਰਦੀ, ਡੁਬਦੀ, ਕਲੋਲਾਂ ਕਰਦੀ ਆਪਣੇ ਕਾਲ ਨੂੰ ਭੁਲੀ ਰਹਿੰਦੀ ਹੈ, ਪਰ ਜਦੋਂ ਉਸ ਦੀ ਮੌਤ ਓਸ ਦੇ ਸਾਹਮਣੇ ਆ ਜਾਂਦੀ ਹੈ ਤਾਂ ਫਿਰ ਤੜਫਦੀ ਛਟਪਟਾਂਦੀ ਤੇ ਪਛਤਾਂਦੀ ਹੈ, ਤਿਵੇਂ ਹੀ ਇਹ ਮਾਸ ਖਾਣ ਵਾਲੇ ਇਕੱਲੇ ਇਕੱਲੇ ਜੀਵਨ ਵਿਚ ਕਈ ਜੀਵਾਂ ਨੂੰ ਕਟ ਕਟ, ਵਢ ਵਢ, ਭੁੰਨ ਭੁੰਨ ਅਤੇ ਤਲ ਤਲ ਕੇ ਖਾ ਰਹੇ ਹਨ ਅਤੇ ਤ੍ਰਿਸ਼ਨਾ ਰੂਪੀ ਜਲ ਵਿਚ ਡੁਬਦੇ ਤਰਦੇ ਮੌਜਾਂ ਮਾਣ ਰਹੇ ਹਨ। ਇਸ ਗੱਲ ਨੂੰ ਇਹ ਭੁਲਾਈ ਬੈਠੇ ਹਨ ਕਿ "ਜੋ ਆਇਆ ਸੋ ਚਲਸੀ, ਸਭੁ ਕੋਈ ਆਈ ਵਾਰੀਐ", ਐਪਰ ਜਦੋਂ ਇਹ ਕਾਲ ਦੇ ਪੰਜੇ ਵਿਚ ਫਸਣਗੇ, ਤੇ ਜਦੋਂ ਉਸ ਨੇ ਆਪਣੇ ਪੰਜੇ ਵਿਚ ਇਹਨਾਂ ਨੂੰ ਦਬੋਚਣਾ ਹੈ ਤਾਂ ਫਿਰ ਇਹ ਪਛਤਾਉਣਗੇ। ਅਜ ਤਾਂ ਹਾਲਤ ਇਹ ਹੋ ਗਈ ਹੈ :—

ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ
ਵਗਾਇਨਿ ਤਿਨ ਗਲਿ ਤਾਗ ॥
[ਵਾਰ ਆਸਾ ਮਹਲਾ ੧, ੪੭੧



www.AKJ.Org

ਪੂਰੇ ਪੂਰੇ ਮਨੁਖ ਨੂੰ ਡਕਾਰ ਜਾਣ ਵਾਲੇ ਅਜ ਧਰਮ-ਨੇਤਾ, ਗੁਰਦੁਆਰਿਆਂ ਅਤੇ ਗੁਰ-ਅਸਥਾਨਾਂ ਦੇ ਧਾਰਮਿਕ ਆਗੂ ਮਹੰਤ ਬਣੇ ਬੈਠੇ ਹਨ, ਪ੍ਰਚਾਰਕ ਤੇ ਸੁਧਾਰਕ ਬਣੇ ਹੋਏ ਹਨ. ਬੇਗੁਨਾਹ ਮਾਸੂਮ ਜੀਵਾਂ ਦੇ ਗਲਿਆਂ ਉਤੇ ਛੁਰੀ ਚਲਾਣ ਵਾਲਿਆਂ ਨੇ ਅਜ ਧਾਰਮਕ ਪੁਰਸ਼ਾਂ ਦੇ ਭੇਖ ਬਣਾਏ ਹੋਏ ਹਨ ਅਤੇ ਧਰਮ-ਅਸਥਾਨਾਂ ਦੀਆਂ ਪ੍ਰਧਾਨਗੀਆਂ ਤੇ ਸਕਤ੍ਰੀਆਂ ਸਾਂਭੀ ਬੈਠੇ ਹਨ ਅਤੇ ਆਗੂ, ਨੇਤਾ ਤੇ ਮਹਾਂ ਪੁਰਸ਼ ਅਖਵਾਂਦੇ ਹਨ।

ਕਿਸੇ ਦੇਸ, ਕਿਸੀ ਜਾਤੀ ਜਾਂ ਕੌਮ ਅਥਵਾ ਸਮਾਜ ਦਾ ਪਤਨ ਹੋ ਕੇ ਉਸਨੂੰ ਉਜਾੜਾ ਕਦੋਂ ਪੈਂਦਾ ਹੈ, ਸਤਿਗੁਰੂ ਨਾਨਕ ਪਾਤਿਸ਼ਾਹ ਇਸ ਸੰਬੰਧੀ ਸੰਕੇਤ ਦੇਂਦੇ ਹਨ ਕਿ ਜਦੋਂ :—

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥

[ਧਨਾਸਰੀ ਮਹਲਾ ੧, ੬੬੨

ਕਿਸੇ ਦੇਸ਼ ਜਾਂ ਸਮਾਜ ਵਿਚ ਭ੍ਰਿਸ਼ਟਾਚਾਰ ਇਤਨਾ ਵੱਧ ਜਾਏ ਕਿ ਇਨਸਾਫ਼ ਦੀ ਕੁਰਸੀ ਉਤੇ ਬੈਠਾ ਮੁਨਸਫ਼ ਵੀ ਨਿਆਂ ਕਰਨ ਦੀ ਥਾਂ ਰਿਸ਼ਵਤ ਰੂਪੀ ਮੈਲਾ ਖਾ ਕੇ ਗ਼ਲਤ ਫ਼ੈਸਲੇ ਦੇਣ ਲਗ ਪਵੇ, ਜਦੋਂ ਧਰਮ-ਉਪਦੇਸ਼ਕ, ਧਰਮ ਅਸਥਾਨਾਂ ਦੇ ਧਾਰਮਿਕ ਆਗੂ (ਜਿਨ੍ਹਾਂ ਵਿਚ ਬ੍ਰਾਹਮਣ ਹੀ ਨਹੀਂ, ਸਗੋਂ ਸਾਰਿਆਂ ਧਰਮਾਂ ਦੇ ਆਗੂ ਆ ਜਾਂਦੇ ਹਨ) ਜੀਵਾਂ ਨੂੰ ਮਾਰ ਮਾਰ ਕੇ ਮਾਸ ਖਾਣ ਲਗ ਪੈਣ, ਘਰ ਬਾਹਰ ਛਡ ਕੇ ਜੋਗ ਧਾਰਨੀ ਸਜਣ, ਜੁਗਤੀ-ਹੀਣ ਹੋਣ ਤਾਂ ਇਹ ਤਿੰਨੇ ਹੀ ਉਜਾੜੇ ਦੀਆਂ ਨਿਸ਼ਾਨੀਆਂ ਜਾਂ ਬਾਨ੍ਹਣੂ (ਬੰਧ) ਹਨ। (ਅਜ ਸਾਡੇ ਦੇਸ਼ ਦੀ ਹਾਲਤ ਇਨ ਬਿਨ ਇਹੋ ਜਹੀ ਹੀ ਹੈ)।

ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ ॥

[ਸਿਰੀ ਰਾਗੁ ਮ: ੫, ੪੩

ਜੀਭ-ਸੁਆਦ ਪਿਛੇ ਲਗ ਕੇ ਅੰਨ੍ਹਾ ਹੋਇਆ ਮਨੁਖ ਪੰਛੀਆਂ ਤੇ ਪਸ਼ੂਆਂ ਨੂੰ ਵਢੀ ਜਾ ਰਿਹਾ ਹੈ, ਪਰ ਇਸ ਨੂੰ ਆਪਣੀ ਮੌਤ ਨਹੀਂ ਦਿਸ ਰਹੀ ਕਿ ਇਕ ਦਿਨ ਮੈਂ ਵੀ ਜਾਣਾ ਹੈ ਤੇ ਇਹਨਾਂ ਕਤਲਾਂ ਦਾ ਹਿਸਾਬ ਵੀ ਦੇਣਾ ਪੈਣਾ ਹੈ।

ਸੰਸਾਰ ਦੇ ਕਾਨੂੰਨ ਵਿਚ ਵੀ ਕਤਲ ਦੀ ਸਜ਼ਾ ਫਾਂਸੀ ਹੈ। ਤਾਂ ਇਸੇ ਤਰ੍ਹਾਂ ਜੀਵਨ ਵਿਚ ਬੇਗਿਣਤ ਕੀਤੇ ਕਤਲਾਂ ਦੀ ਸਜ਼ਾ ਕੀ ਹੋਵੇਗੀ ?

ਕਿਸੇ ਜੀਵ ਨੂੰ ਕੁਹੇ ਅਥਵਾ ਵਢੇ ਬਿਨਾਂ ਮਾਸ ਪ੍ਰਾਪਤ ਨਹੀਂ ਹੋ ਸਕਦਾ। ਜੀਵ ਦੀ ਹਤਿਆ ਉਹੋ ਹੀ ਕਰ ਸਕਦਾ ਹੈ ਜਿਸ ਦੇ ਮਨ ਵਿਚ ਦਇਆ ਨਾ ਹੋਵੇ। ਅਤੇ ਦਇਆ-ਹੀਨ ਸੰਬੰਧੀ ਪੰਚਮ ਪਾਤਸ਼ਾਹ ਦੱਸਦੇ ਹਨ ਕਿ ਉਸ ਦੇ ਮਨ ਵਿਚ ਕਦੇ ਸ਼ਾਂਤੀ ਜਾਂ ਸੰਤੋਖ ਨਹੀਂ ਆ ਸਕਦਾ :—

ਮਨਿ ਸੰਤੋਖੁ, ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥

[ਥਿਤੀ ਗਉੜੀ ਮਹਲਾ ੫, ੨੯੯

ਸ਼ਾਂਤੀ ਕੇਵਲ ਉਸੇ ਮਨ ਵਿਚ ਹੀ ਆ ਸਕਦੀ ਹੈ ਜਿਸ ਵਿਚ ਕਮਜ਼ੋਰ ਅਤੇ ਬੇਜ਼ਬਾਨ ਜੀਵਾਂ ਲਈ ਦਇਆ ਹੋਵੇਗੀ। ਜੀਵਾਂ ਉਤੇ ਦਇਆ ਕਰਨਾ ਮਨੁਖ ਦੇ ਜੀਵਨ-ਬਰਤ ਦੀ ਸੰਪੂਰਨਤਾ ਜਾਂ ਜੀਵਨ-ਲਕਸ਼ ਦੀ ਪ੍ਰਾਪਤੀ ਦਾ ਸਾਧਨ ਹੈ।

ਪਵਿਤ੍ਰ ਗੁਰੂ-ਬਾਣੀ ਵਿਚ ਉਕਤੀਆਂ, ਜੁਗਤੀਆਂ, ਸੰਕੇਤਾਂ ਅਤੇ ਇਸ਼ਾਰਿਆਂ ਨਾਲ ਵੀ ਮਨੁਖ ਨੂੰ ਸਮਝਾਣ ਦਾ ਯਤਨ ਕੀਤਾ ਗਿਆ ਹੈ ਕਿ ਕਿਸੇ ਤਰ੍ਹਾਂ ਹੀ ਇਸ ਨੂੰ ਸਮਝ ਆ ਜਾਵੇ ਅਤੇ ਇਹ ਇਹਨਾਂ ਮਾਸੂਮ ਜੀਵਾਂ ਦੀ ਹਤਿਆ ਦੇ ਪਾਪ ਤੋਂ ਬਚ ਕੇ ਮਾਸ, ਸ਼ਰਾਬ ਜਿਹੀਆਂ ਲੋਕ ਪ੍ਰਲੋਕ ਵਿਗਾੜਨ ਵਾਲੀਆਂ ਵਸਤੂਆਂ ਦੇ ਸੇਵਨ ਤੋਂ ਪ੍ਰਹੇਜ਼ ਕਰ ਕੇ, ਇਸ ਦੁਰਲਭ ਮਨੁਖੀ ਜਨਮ ਨੂੰ ਨਿਰਾਰਥ ਜਾਂਣੋਂ ਬਚਾ ਸਕੇ :—

ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ ॥ [ਗਉੜੀ ਵਾਰ ਮਹਲਾ ੫, ੩੨੨

ਸੁਰਖ਼ਰੂਈ ਅਤੇ ਇੱਜ਼ਤ-ਮਾਣ ਨਾਲ ਪ੍ਰਭੂ ਦਰਬਾਰ ਅਥਵਾ ਨਿਜ-ਘਰ ਜਾਣ ਯੋਗ ਹੋਣ ਲਈ ਵੀ ਜ਼ਰੂਰੀ ਹੈ ਕਿ ਕਿਸੇ ਵੀ ਜੀਵ ਨੂੰ ਰਤਾ ਜਿੰਨਾ ਵੀ ਦੁਖ ਨਾ ਦਿਤਾ ਜਾਏ।

ਭਾਵ ਇਹ ਕਿ ਜਿਹੜੇ ਮਨੁਖ ਕਿਸੇ ਜੀਵ ਨੂੰ ਦੁਖ ਨਹੀਂ ਦੇਂਦੇ, ਕਿਸੇ ਜੀਵ ਦੀ ਹਤਿਆ ਨਹੀਂ



www.AKJ.Org

ਕਰਦੇ ਅਤੇ ਕਿਸੇ ਨੂੰ ਕੁਹ ਕੁਹ ਕੇ ਨਹੀਂ ਖਾਂਦੇ, ਉਹ ਸੁਰਖ਼ਰੂਈ ਅਤੇ ਇੱਜ਼ਤ-ਪਤ ਨਾਲ ਪ੍ਰਭੂ ਦੇ ਦਰਬਾਰ ਵਿਚ ਪੁਜਦੇ ਹਨ।

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਕੁਦਰਤ ਦੀ ਨੀਯਮਾਵਲੀ ਦਾ ਇਕ ਭੇਦ ਖੋਲ੍ਹਦੇ ਹੋਏ ਫ਼ਰਮਾਂਦੇ ਹਨ :—

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ
ਪਰਵਾਨੁ ॥ [ਬਾਰਾਮਾਹਾ ਮਾਝ, ੧੩੬

ਮਾਸੂਮ ਤੇ ਬੇਗੁਨਾਹ ਜੀਵਾਂ ਉਤੇਂ ਦਇਆ ਕਰਨ ਵਾਲਿਆਂ ਨੂੰ ਅਠ ਸਠ (ਅਠਾਹਠ) ਤੀਰਥਾਂ ਦੇ ਸਰਬਤ ਪੁੰਨਾਂ ਦਾ ਫਲ ਮਿਲ ਜਾਂਦਾ ਹੈ ਅਤੇ ਉਹ ਪ੍ਰਭੂ-ਦਰਬਾਰ ਵਿਚ ਪ੍ਰਵਾਨੇ ਜਾਂਦੇ ਹਨ।

ਕਬੀਰ ਜੀ ਦਾ ਕਹਿਣਾ ਹੈ ਕਿ ਜੀਵਾਂ ਉਤੇ ਤਰਸ ਕੀਤਿਆਂ ਅਤੇ ਮਨ ਦੇ ਹੰਕਾਰ ਨੂੰ ਮਾਰਿਆਂ ਵਾਹਿਗੁਰੂ ਜੀ (ਖਸਮ) ਦੀ ਪਛਾਣ ਹੁੰਦੀ ਹੈ। ਭਾਵ ਇਹ ਕਿ ਜਿਸ ਦੇ ਮਨ ਵਿਚ ਬੇਜ਼ੁਬਾਨ ਜੀਵਾਂ ਲਈ ਤਰਸ ਨਹੀਂ ਹੁੰਦਾ, ਅਜਿਹੇ ਹੰਕਾਰ ਵਿਚ ਅੰਨ੍ਹੇ ਹੋਏ ਨੂੰ ਵਾਹਿਗੁਰੂ ਜੀ ਦੀ ਪਛਾਣ ਨਹੀਂ ਹੋ ਸਕਦੀ—

ਖਸਮੁ ਪਛਾਨਿ, ਤਰਸ ਕਰਿ ਜੀਅ ਮਹਿ,
ਮਾਰਿ ਮਣੀ ਕਰਿ ਫੀਕੀ॥ [ਆਸਾ ਕਬੀਰ, ੪੮੦

ਦਸਮੇਸ਼ ਪਿਤਾ ਜੀ ਤਾੜਨਾ ਕਰਦੇ ਹਨ ਕਿ :—

ਮਜ਼ਨ ਤੇਗ ਬਰ ਖ਼ੂਨਿ ਕਸ ਬੇਦਰੇਗ ॥ ਤੁਰਾ
ਨੀਜ਼ ਖ਼ੂੰ ਚਰਖ਼ ਰੇਜ਼ਦ ਬਹ-ਤੇਗ ॥੬੯॥
[ਜ਼ਫ਼ਰਨਾਮਾ—ਗੁਰੂ ਗੋਬਿੰਦ ਸਿੰਘ ਜੀ

ਕਿਸੇ ਦੇ ਵੀ ਗਲ ਉਤੇ ਬੇ ਦਰੇਗ ਛੁਰੀ ਨਾ ਚਲਾ ਕਿ ਤੇਰੇ ਆਪਣੇ ਗਲੇ ਉਤੇ ਵੀ ਕਿਸੇ ਦਿਨ ਕੁਦਰਤ ਦੀ ਛੁਰੀ ਚਲਣ ਵਾਲੀ ਹੈ।

ਦਇਆ, ਗੁਰਸਿਖੀ ਦਾ ਇਕ ਲਾਜ਼ਮੀ ਅਤੇ ਅਵਸ਼ਕ ਅੰਗ ਹੈ। ਨਿਰਦਈ ਅਤੇ ਜ਼ਾਲਮ ਕਦੇ ਸਿਖ ਨਹੀਂ ਹੋ ਸਕਦਾ। ਗੁਰਸਿਖ ਦੇ ਹਿਰਦੇ ਵਿਚ ਜੀਵ ਮਾਤ੍ਰ ਲਈ ਦਇਆ ਤੇ ਤਰਸ ਦਾ ਹੋਣਾ ਅਤੀਯੰਤ ਜ਼ਰੂਰੀ ਹੈ :—

ਹਿੰਸਾ ਤਉ ਮਨ ਤੇ ਨਹੀ ਛੂਟੀ, ਜੀਅ
ਦਇਆ ਨਹੀ ਪਾਲੀ ॥ ਪਰਮਾਨੰਦ ਸਾਧ
ਸੰਗਤਿ ਮਿਲਿ,ਕਥਾ ਪੁਨੀਤ ਨ ਚਾਲੀ॥ [੧੨੫੩

ਜਦ ਤੀਕ ਮਨ ਚੋਂ ਹਿੰਸਾ, ਤਸ਼ੱਦਦ, ਜਬਰ ਤੇ ਜ਼ੁਲਮ ਦੀ ਭਾਵਨਾ ਨਹੀਂ ਮਿਟਦੀ ਅਤੇ ਨਿਰਬਲ ਤੇ ਨਿਤਾਣੇ, ਮਾਸੂਮ ਤੇ ਬੇਜ਼ੁਬਾਨ ਜੀਵਾਂ ਉਤੇ ਦਇਆ ਕਰਨ ਦਾ ਜਜ਼ਬਾ ਨਹੀਂ ਪੈਦਾ ਹੁੰਦਾ ਉਦੋਂ ਤੀਕ ਨਾ ਤਾਂ ਕਿਸੇ ਪੂਰਨ ਪੁਰਖ ਦੀ ਸੰਗਤ ਹੀ ਪ੍ਰਾਪਤ ਹੋ ਸਕਦੀ ਹੈ ਅਤੇ ਨਾ ਹੀ ਜੀਵਨ ਸਫਲਤਾ (ਕਥਾ ਪੁਨੀਤ) ਦਾ ਗੁਰ ਹੀ ਪ੍ਰਾਪਤ ਹੋ ਸਕਦਾ ਹੈ।

ਪ੍ਰੇਮ ਬਿਛੋਹਾ, ਕਰਤ ਕਸਾਈ ॥ ਨਿਰਦੈ ਜੰਤੁ
ਤਿਸੁ ਦਇਆ ਨ ਪਾਈ ॥ [ਸੂਹੀ ਮ: ੪, ੭੪੮

ਕਸਾਈਆਂ ਵਾਲੇ ਕੰਮ, ਪ੍ਰਭੂ-ਪ੍ਰੇਮ ਤੋਂ ਸਖਣੇ ਮਨ ਵਾਲੇ ਮਨੁਖ (ਪ੍ਰੇਮ ਬਿਛੋਹ) ਹੀ ਕਰਦੇ ਹਨ। ਉਹ ਨਿਰਦਈ ਹੁੰਦੇ ਹਨ। ਵਾਹਿਗੁਰੂ ਜੀ ਨੇ ਉਹਨਾਂ ਦੇ ਮਨ ਵਿਚ ਦਇਆ ਦਾ ਗੁਣ ਨਹੀਂ ਪਾਇਆ ਹੁੰਦਾ।

ਤਉ ਨਾਨਕ ਸਰਬ ਜੀਆ ਮਿਹਰੰਮਤ ਹੋਇ ॥
[ਵਾਰ ਮਾਝ ਮਹਲਾ ੧, ੧੪੧

ਸਤਿਗੁਰੂ ਨਾਨਕ ਜੀ ਦਾ ਕਥਨ ਹੈ ਕਿ ਮਨ ਵਿਚ ਜੀਵ ਮਾਤ੍ਰ ਲਈ ਰਹਿਮ ਤੇ ਤਰਸ-ਭਾਵਨਾ ਹੋਣੀ ਅਤੀ ਜ਼ਰੂਰੀ ਹੈ।

ਸਤਿਗੁਰੂ ਨਾਨਕ ਪਾਤਿਸ਼ਾਹ ਦੇ ਵਿਚਾਰ ਅਨੁਸਾਰ ਤਾਂ ਜਿਹੜਾ ਨਿਰਬਲ, ਨਿਤਾਣੇ ਤੇ ਬੇਗੁਨਾਹ ਜੀਵਾਂ ਉਤੇ ਤਰਸ ਕਰਨਾ ਨਹੀਂ ਜਾਣਦਾ, ਉਸ ਨੂੰ (ਸੱਚ) ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋ ਸਕਦੀ :—

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ
ਕਰੇਇ ॥ [ਵਾਰ ਆਸਾ ਮਹਲਾ ੧, ੪੬੮

ਵਾਹਿਗੁਰੂ (ਸੱਚੁ) ਨੂੰ ਜਾਣ ਸਕਣ ਲਈ ਸੱਚੀ ਸਿਖਿਆ ਲੈਣੀ ਜ਼ਰੂਰੀ ਹੈ। ਸੱਚੀ ਸਿੱਖਿਆ ਹੈ— ਜੀਵ ਮਾਤ੍ਰ ਲਈ ਦਇਆ ਭਾਵਨਾ ਰਖਣਾ ਅਤੇ ਗਰੀਬਾਂ ਤੇ ਲੋੜਵੰਦਾਂ ਦੀ ਮਾਇਕ ਸਹਾਇਤਾ ਕਰਨਾ, ਭਾਵ ਦਾਨ ਦੇਣਾ।

ਪੰਜਾਂ ਦੋਖਾਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਸਾਧਨ ਵੀ ਇਹੋ ਹੀ ਹੈ ਕਿ ਜੀਵ ਮਾਤ੍ਰ ਉਤੇ ਦਇਆ ਕੀਤੀ ਜਾਏ :—

ਦਯਾਲੰ ਸਰਬਤ੍ਰ ਜੀਆ, ਪੰਚ ਦੋਖ ਬਿਵਰ-
ਜਿਤਹ ॥੪੦॥ [ਸਹਸਕ੍ਰਿਤੀ ਮ: ੫, ੧੩੫੭



www.AKJ.Org

ਸਿਮਰਨੁ, ਭਜਨੁ, ਦਇਆ ਨਹੀ ਕੀਨੀ, ਤਉ
ਮੁਖਿ ਚੋਟਾ ਖਾਇਗਾ ॥ [ਮਾਰੂ ਕਬੀਰ ਜੀ,੧੧੦੬

ਸਿਮਰਨ, ਭਜਨ ਅਤੇ ਦਇਆ ਤਿੰਨੇ ਕਰਮ ਇਕੋ ਪਧਰ ਦੇ ਹਨ। ਸਿਮਰਨ ਭਜਨ ਕਰਨਾ ਤਦ ਹੀ ਸਫਲਾ ਹੈ ਜੇ ਨਾਲ ਦਇਆ ਵੀ ਕੀਤੀ ਜਾਏ। ਜੇ ਜੀਵਨ ਵਿਚ ਇਹਨਾਂ ਦਾ ਅਭਾਵ ਹੈ ਤਾਂ ਪ੍ਰਭੂ-ਦਰਗਾਹ ਵਿਚ ਮੂੰਹੋਂ ਮੂੰਹ ਪੈਣਗੀਆਂ।

ਸਤਿਗੁਰੂ ਨਾਨਕ ਪਾਤਿਸ਼ਾਹ ਅਨੁਸਾਰ ਤਾਂ ਦਇਆ-ਹੀਨ ਮਨੁਖ ਕਸਾਈ ਹੁੰਦੇ ਹਨ :—

ਕੁਬੁਧਿ ਡੂਮਣੀ, ਕੁਦਇਆ ਕਸਾਇਣ,
ਪਰਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥
[ਸਲੋਕ ਮਹਲਾ ੧, ੯੧

ਭ੍ਰਿਸ਼ਟ ਬੁਧੀ ਵਾਲਾ ਡੂਮ ਹੈ, ਬੇਰਹਿਮ ਤੇ ਦਇਆ-ਹੀਨ ਮਨੁਖ ਕਸਾਈ ਹੈ, ਪ੍ਰਾਈ ਨਿੰਦਾ ਕਰਨ ਵਾਲਾ ਚੂਹੜਾ ਹੈ ਅਤੇ ਕ੍ਰੋਧੀ ਚੰਡਾਲ ਹੈ।

ਜੇ ਕੋ ਨਾਉ ਧਰਾਏ ਵਡਾ, ਸਾਦ ਕਰੇ ਮਨਿ
ਭਾਣੇ ॥ ਖਸਮੈ ਨਦਰੀ ਕੀੜਾ ਆਵੈ, ਜੇਤੇ
ਚੁਗੈ ਦਾਣੇ ॥ [ਆਸਾ ਮਹਲਾ ੧, ੩੬੦

ਜੇ ਕਰ ਕੋਈ ਕਿਧਰੇ ਕਿਸੇ ਵਡੇ ਮਨੁਖ ਦੇ ਤੌਰ ਤੇ, ਜਾਂ ਕਿਸੇ ਧਾਰਮਕ ਪੁਰਸ਼ ਦੇ ਤੌਰ ਤੇ ਪ੍ਰਸਿਧ ਹੋ ਜਾਏ, ਕਿਸੇ ਧਰਮ ਸੰਸਥਾ ਦਾ ਪ੍ਰਧਾਨ ਜਾਂ ਸਕਤ੍ਰ ਚੁਣ ਲਿਆ ਜਾਵੇ, ਕਿਸੇ ਮਹਾਂ-ਪੁਰਖ ਜਾਂ ਸੰਤ ਮਹਾਤਮਾ ਦੇ ਭੇਖ ਵਿਚ ਪ੍ਰਸਿਧ ਹੋ ਜਾਏ, ਸੰਸਾਰ ਵਿਚ ਉਸ ਦੀ ਮਾਣ-ਪ੍ਰਤਿਸ਼ਠਾ ਬਹੁਤ ਵਧ ਜਾਏ, ਐਪਰ ਜੇ ਉਹ ਤ੍ਰਿਸ਼ਨਾ ਨੂੰ ਨਹੀਂ ਮਾਰ ਸਕਿਆ ਅਤੇ ਮਨ ਦੇ ਸੁਆਦਾਂ ਨੂੰ ਵਸ ਨਹੀਂ ਕਰ ਸਕਿਆ ਅਤੇ ਜੀਭ ਦੇ ਸੁਆਦਾਂ ਆਦਿ ਚਸਕਿਆਂ ਦਾ ਮਾਰਿਆ ਇਨ੍ਹਾਂ ਦੀ ਪੂਰਤੀ ਵਿਚ ਲਗਾ ਰਹਿੰਦਾ ਹੈ ਤਾਂ ਉਹ ਪ੍ਰਭੂ ਜੀ ਤੋਂ ਛੁਪਿਆ ਨਹੀਂ ਰਹਿ ਸਕਦਾ, ਕਿਉਂਕਿ ਪ੍ਰਭੂ ਜੀ ਦੀ ਨਜ਼ਰ ਵਿਚ ਤਾਂ ਇਕ ਕੀੜਾ ਅਤੇ ਉਸ ਦੇ ਚੁਗੇ ਦਾਣੇ ਵੀ ਪਰਗਟ ਪਹਾਰੇ ਹਨ।

ਸਿਖ ਧਰਮ ਵਿਚ ਕਿਸੇ ਦੂਜੇ ਨੂੰ ਮਾਰਨਾ ਤਾਂ ਮਹਾਂ ਪਾਪ ਦਸਿਆ ਗਿਆ ਹੈ ਅਤੇ ਇਸ ਦੀ ਥਾਂ ਆਪਾ ਭਾਵ (ਹਉਮੈ, ਖ਼ੁਦੀ, ਤੱਕਬਰੀ, ਹੈਂਕੜ ਤੇ ਹੰਕਾਰ) ਨੂੰ ਮਾਰਨ ਦਾ ਉਪਦੇਸ਼ ਦਿਤਾ ਗਿਆ ਹੈ :—

ਆਪਿ ਮਰੈ, ਅਵਰਾ ਨਹ ਮਾਰੈ ॥੩॥
[ਭੈਰਉ ਮਹਲਾ ੩, ੧੧੨੮

ਖਾਣ ਯੋਗ ਅਤੇ ਨਾ ਖਾਣ ਯੋਗ, ਭਖ ਅਤੇ ਅਭਖ ਵਸਤੂਆਂ ਨੂੰ, ਬਿਨਾਂ ਵਿਚਾਰ ਕੀਤੇ ਅਤੇ ਬਿਨਾਂ ਸੋਚੇ ਸਮਝੇ ਖਾਈ ਜਾਣ ਵਾਲਿਆਂ ਦੀ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੜੇ ਹੀ ਕਰੜੇ ਸ਼ਬਦਾਂ ਵਿਚ ਅਲੋਚਨਾ ਕੀਤੀ ਹੈ :—

ਰੰਨਾ ਹੋਈਆ ਬੋਧੀਆ, ਪੁਰਸ਼ ਹੋਏ ਸਈਆਦ
॥ ਸੀਲੁ. ਸੰਜਮੁ, ਸੁਚ ਭੰਨੀ, ਖਾਣਾ ਖਾਜੁ
ਅਹਾਜੁ ॥ [ਸਾਰੰਗ ਮਹਲਾ ੧, ੧੨੪੩

ਸ਼ਰਮ, ਹਯਾ, ਧਰਮ, ਕਰਮ, ਸੁਚ, ਪਵਿਤ੍ਰਤਾ ਅਤੇ ਸੰਜਮ ਨੂੰ ਇਕਲਵਾਂਝੇ ਰਖ ਕੇ, ਜੀਭ ਦੇ ਸੁਆਦਾਂ ਵਿਚ ਫਸੇ ਹੋਏ ਇਹ ਇਸਤ੍ਰੀ ਪੁਰਸ਼, ਯੋਗ ਅਯੋਗ ਦੀ ਵਿਚਾਰ ਕੀਤੇ ਬਿਨਾਂ, ਜੋ ਮਿਲਦਾ ਹੈ ਖਾਈ ਜਾ ਰਹੇ ਹਨ। ਇਹਨਾਂ ਦਾ ਖਾਣਾ ਅਪਵਿਤ੍ਰ ਤੇ ਅਖਾਜ ਵਸਤੂਆਂ ਦਾ ਹੋ ਗਿਆ ਹੈ, ਜਿਸ ਦੇ ਫਲ ਸਰੂਪ ਰੰਨਾਂ ਅਯਾਰ (ਚਤੁਰ) ਹੋ ਗਈਆਂ ਹਨ ਅਤੇ ਪੁਰਸ਼ ਸ਼ਿਕਾਰੀ ਬਣ ਗਏ ਹਨ, ਜਿਹੜੇ ਕਿ ਹਰ ਵੇਲੇ ਦੂਜੇ ਦੀ ਧਨ ਸੰਪਤੀ, ਰੂਪ, ਜੋਬਨ, ਅਤੇ ਬੇਜ਼ੁਬਾਨ ਤੇ ਨਿਰਬਲ ਜੀਵਾਂ ਦੇ ਪ੍ਰਾਣਾਂ ਆਦਿ ਤੇ ਘਾਤ ਲਾਈ ਬੈਠੇ ਹਨ।

ਕਲਿ ਹੋਈ, ਕੁਤੇ ਮੁਹੀ, ਖਾਜੁ ਹੋਆ
ਮੁਰਦਾਰ ॥ ਕੂੜੁ ਬੋਲਿ ਬੋਲਿ ਭਉਕਣਾ,ਚੂਕਾ
ਧਰਮੁ ਬੀਚਾਰੁ ॥ [ਸਾਰੰਗ ਵਾਰ,ਮ. ੧, ੧੨੪੨

ਕੁਤਿਆਂ ਵਾਂਗੂ, ਮਨੁਖ ਜਦੋਂ ਭਖੁ ਅਭਖੁ ਦੀ ਤਮੀਜ਼ ਭੁਲ ਕੇ, ਕੁੱਤੇ-ਮੂੰਹਾ ਬਣ ਜਾਂਦਾ ਹੈ ਅਤੇ ਜੋ ਮਿਲੇ ਸੋ ਖਾਈ ਜਾਂਦਾ ਹੈ ਤਾਂ ਉਸ ਵਿਚੋਂ ਧਰਮ-ਵਿਚਾਰ ਮੁਕ ਜਾਂਦੀ ਹੈ ਤੇ ਉਹ ਝੂਠ ਤੇ ਨਿਰਭਰ ਕਰਨ ਲਗ ਜਾਂਦਾ ਹੈ।

ਪਵਿਤ੍ਰ ਗੁਰੂ-ਬਾਣੀ ਦਾ ਕਹਿਣਾ ਹੈ ਕਿ ਇਹ ਜੀਭ-ਸੁਆਦ ਦੇ ਮਾਰੇ ਹੋਏ, ਭਖ ਅਭਖ, ਜਾਂ ਖਾਜ ਅਖਾਜ ਅਥਵਾ ਯੋਗ ਅਯੋਗ ਪਦਾਰਥਾਂ ਨੂੰ ਚਟਮ ਕਰਨ ਲਈ ਇਸ ਤਰ੍ਹਾਂ ਹਾਬੜੇ ਹੋਏ ਹਨ :—

ਜਿਉ ਕੂਕਰੁ ਹਰਕਾਇਆ, ਧਾਵੈ ਦਹਦਿਸ
ਜਾਇ ॥ ਲੋਭੀ ਜੰਤੁ ਨ ਜਾਣਈ, ਭਖੁ



www.AKJ.Org

ਅਭਖੁ ਸਭ ਖਾਇ ॥ [ਸਿਰੀ ਰਾਗੁ ਮਹਲਾ ੫, ੫੦

ਜੀਭ-ਸੁਆਦ ਪਿਛੇ ਬਉਂਦਲਿਆ ਹੋਇਆ ਇਹ ਮਨੁਖ, ਹਲਕਾਏ ਕੁੱਤੇ ਵਾਂਗੂ ਕਦੇ ਇਧਰ ਕਦੇ ਉਧਰ, ਹਰ ਪਾਸੇ ਭਟਕਦਾ ਫਿਰਦਾ ਹੈ ਅਤੇ ਜੀਭ ਦੇ ਚਸਕੇ ਦੇ ਮਾਰੇ ਨੂੰ ਇਸ ਗੱਲ ਦੀ ਵੀ ਤਮੀਜ਼ ਨਹੀਂ ਰਹੀ ਕਿ ਇਹ ਵਿਚਾਰ ਕਰ ਸਕੇ ਕਿ ਕਿਹੜੀ ਵਸਤੂ ਖਾਣ ਯੋਗ ਹੈ ਅਤੇ ਕਿਹੜੀ ਅਯੋਗ ਅਤੇ ਹਾਨੀ-ਕਾਰਕ। ਇਸ ਨੂੰ ਤਾਂ ਜੋ ਕੁਝ ਵੀ (ਭਖੁ ਅਥਵਾ ਅਭਖੁ) ਮਿਲਦਾ ਹੈ, ਇਹ ਸਭ ਡਕਾਰੀ ਜਾ ਰਿਹਾ ਹੈ।

ਅਭਖੁ ਭਖਹਿ, ਭਖੁ ਤਜਿ ਛੋਡਹਿ, ਅੰਧੁ ਗੁਰੂ ਜਿਨ ਕੇਰਾ ॥ [ਵਾਰ ਮਲਾਰ, ਮਹਲਾ ੧, ੧੨੯੦

ਪਾਵਨ ਗੁਰੂ-ਬਾਣੀ ਨੇ ਖਾਧ ਪਦਾਰਥਾਂ ਨੂੰ ਦੋ ਸ੍ਰੇਣੀਆਂ ਵਿਚ ਵੰਡਿਆ ਹੈ—ਇਕ ਨੂੰ ਭਖੁ ਅਥਵਾ ਖਾਜ ਅਤੇ ਦੂਜੀ ਨੂੰ ਅਭਖੁ ਅਥਵਾ ਅਖਾਜ ਦਾ ਨਾਉਂ ਦਿਤਾ ਹੈ। ਭਖੁ ਅਥਵਾ ਮਨੁਖ ਦੇ ਖਾਣ ਯੋਗ ਵਸਤੂਆਂ ਨੂੰ ਇਸਲਾਮੀ ਪੁਸਤਕਾਂ ਵਿਚ ਆਬੀ ਪਦਾਰਥ, ਅਤੇ ਨੈਤਿਕ ਗ੍ਰੰਥਾਂ ਵਿਚ ਸਾਤਵਿਕ ਅਹਾਰ ਆਖਿਆ ਗਿਆ ਹੈ।

ਅਤੇ ਅਭਖੁ ਅਥਵਾ ਮਨੁਖ ਦੇ ਨਾ ਖਾਣ ਯੋਗ ਵਸਤੂਆਂ ਨੂੰ ਇਸਲਾਮੀ ਪੁਸਤਕਾਂ ਵਿਚ ਪਿਸ਼ਾਬੀ ਪਦਾਰਥ, ਅਤੇ ਨੈਤਕ ਗ੍ਰੰਥਾਂ ਵਿਚ ਤਾਮਸਿਕ ਜਾਂ ਤਮੋ ਗੁਣੀ ਭੋਜਨ ਕਿਹਾ ਗਿਆ ਹੈ।

ਇਕ ਸ੍ਰੇਣੀ ਵਿਚ, ਦੁਧ, ਘਿਉ, ਪਨੀਰ, ਮਖਣ, ਦਹੀਂ, ਅਨਾਜ, ਚਾਵਲ, ਦਾਲਾਂ, ਸਬਜ਼ੀਆਂ, ਫ਼ਰੂਟ, ਮੇਵੇ ਆਦਿ ਵਸਤੂਆਂ ਗਿਣੀਆਂ ਜਾਂਦੀਆਂ ਹਨ।

ਅਤੇ ਦੂਜੀ ਸ੍ਰੇਣੀ ਵਿਚ ਮਾਸ, ਮਛੀ, ਅੰਡੇ, ਸ਼ਰਾਬ, ਤਮਾਕੂ, ਭੰਗ, ਪੋਸਤ, ਗਾਂਜਾ, ਹਫ਼ੀਮ, ਚਰਸ ਅਤੇ ਕਾਮ ਉਤੇਜਿਤ ਕਰਨ ਵਾਲੇ ਚਟਪਟੇ ਤੇ ਤੇਜ਼ ਮਸਾਲੇ ਆਦਿ ਗਿਣੇ ਜਾਂਦੇ ਹਨ।

ਇਹਨਾਂ ਉਪ੍ਰੋਕਤ ਦੋਹਾਂ ਸ੍ਰੇਣੀਆਂ ਚੋਂ ਇਕ ਸ੍ਰੇਣੀ ਦੀਆਂ ਵਸਤੂਆਂ ਨੂੰ ਪਵਿਤ੍ਰ ਗੁਰੂ-ਬਾਣੀ ਨੇ ਭਖੁ, ਖਾਜ, ਅਥਵਾ ਖਾਣ ਯੋਗ ਆਖਿਆ ਹੈ ਅਤੇ ਦੂਜੀ ਸ੍ਰੇਣੀ ਦੀਆਂ ਵਸਤੂਆਂ ਨੂੰ ਅਭਖੁ, ਅਖਾਜ ਅਥਵਾ ਨਾ ਖਾਣ ਯੋਗ ਵਸਤੂਆਂ ਦਸਿਆ ਹੈ। ਹੁਣ ਕਿਹੜੀ ਸ੍ਰੇਣੀ ਦੀਆਂ ਵਸਤੂਆਂ ਪਵਿਤ੍ਰ ਗੁਰੂ-ਬਾਣੀ ਅਨੁਸਾਰ ਖਾਣ ਯੋਗ, ਜਾਂ ਭਖ, ਅਥਵਾ ਖਾਜ ਹਨ ਅਤੇ ਕਿਹੜੀ ਦੀਆਂ ਨਾ ਖਾਣ ਯੋਗ, ਅਥਵਾ ਅਭਖ ਜਾਂ ਅਖਾਜ। ਇਸ ਦਾ ਫੈਸਲਾ ਇਕ ਸਾਧਾਰਨ ਬੁਧੀ ਵਾਲਾ ਮਨੁਖ ਵੀ ਸਹਿਜੇ ਹੀ ਕਰ ਸਕਦਾ ਹੈ।

ਕਿਸੇ ਦੀ ਹਤਿਆ ਕਰ ਦੇਣਾ ਤਾਂ ਬਹੁਤ ਵਡੀ ਗੱਲ ਹੈ, ਸਿਖ ਧਰਮ ਵਿਚ ਤਾਂ ਪਵਿਤ੍ਰ ਗੁਰੂ-ਬਾਣੀ ਅਨੁਸਾਰ ਕਿਸੇ ਦਾ ਦਿਲ ਦੁਖਾਣਾ ਵੀ ਮਹਾਂ ਪਾਪ ਹੈ :—

ਇਕੁ ਫਿਕਾ ਨਾ ਗਾਲਾਇ, ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ, ਮਾਣਕ ਸਭ ਅਮੋਲਵੇ ॥੧੨੯॥ ਸਭਨਾ ਮਨ ਮਾਣਕ ਠਾਹਣੁ ਮੂਲਿ ਮਚਾਂਗਵਾ ॥ ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥੧੩੦॥ [ਸਲੋਕ ਫਰੀਦ ਜੀ ੧੩੮੪

ਫ਼ਰੀਦ ਜੀ ਦਾ ਕਥਨ ਹੈ ਕਿ ਕਿਸੇ ਨਾਲ ਫਿਕਾ ਅਥਵਾ ਖਰ੍ਹਵਾ ਬਚਨ ਵੀ ਨਾ ਕਰ, ਤਾਂ ਜੁ ਕਿਧਰੇ ਕਿਸੇ ਦਾ ਮਨ ਨਾ ਦੁਖ ਜਾਏ। ਹਰ ਇਕ ਮਨ ਇਕ ਅਤਿਯੰਤ ਹੀ ਅਨਮੋਲ ਰਤਨ ਹੈ ਅਤੇ ਪ੍ਰਭੂ ਦਾ ਨਿਵਾਸ ਅਸਥਾਨ ਹੈ, ਕਿਸੇ ਦਾ ਦਿਲ ਦੁਖਾਣਾ ਜਾਂ ਕਿਸੇ ਦਾ ਦਿਲ ਤੋੜਨਾ ਪ੍ਰਭੂ ਜੀ ਦਾ ਨਿਵਾਸ ਅਸਥਾਨ ਤੋੜਨ ਬਰਾਬਰ ਹੈ। ਜੇਕਰ ਤੇਰੇ ਦਿਲ ਵਿਚ ਪ੍ਰਭੂ ਦੀ ਮਿਲਣ-ਤਾਂਘ ਹੈ ਤਾਂ "ਪ੍ਰਭੂ ਦਾ ਘਰ" ਨਾ ਢਾਹ, ਭਾਵ ਕਿਸੇ ਦਾ ਵੀ ਦਿਲ, ਮਨ-ਬਚ-ਕਰਮ ਕਰ ਕੇ ਕਿਸੀ ਤਰ੍ਹਾਂ ਵੀ ਨਾ ਦੁਖਾ।

ਮਾਸ ਸੰਬੰਧੀ ਗੁਰੂ-ਆਗਿਆ ਅਥਵਾ ਗੁਰੂ-ਹੁਕਮ ਉਪਰ ਲਿਖੇ ਅਨੁਸਾਰ ਹੈ, ਪਰ ਗੁਰੂ-ਹੁਕਮ ਦੀ ਪਾਲਨਾ ਵੀ ਤਾਂ ਹਰ ਇਕ ਨਹੀਂ ਕਰ ਸਕਦਾ। ਇਹ ਵੀ ਉਹੋ ਹੀ ਕਰ ਸਕਦਾ ਹੈ ਜਿਸ ਉਤੇ ਪ੍ਰਭੂ ਦੀ ਕਿਰਪਾ ਹੋਵੇ ਅਤੇ ਪ੍ਰਭੂ ਦੀ ਕਿਰਪਾ ਪਵਿਤ੍ਰ ਆਤਮਾ ਜਾਂ ਪਵਿਤ੍ਰ ਹਿਰਦਿਆਂ ਵਾਲੇ ਮਨੁਖਾਂ ਉਤੇ ਹੀ ਹੋ ਸਕਦੀ ਹੈ :—

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ [ਵਾਰ ਆਸਾ ਮਹਲਾ ੧, ੪੬੬

ਮਨੁਖ ਦਾ ਸਰੀਰ ਹਰੀ ਦਾ ਮੰਦਰ ਹੈ। ਇਸ ਹਰੀ-ਮੰਦਰ ਨੂੰ ਸ਼ੁਧ ਤੇ ਪਵਿਤ੍ਰ, ਪਵਿਤ੍ਰ ਖੁਰਾਕ ਨਾਲ



www.AKJ.Org

ਹੀ ਰਖਿਆ ਜਾ ਸਕਦਾ ਹੈ। ਇਸ ਸਰੀਰ (ਹਰੀ ਮੰਦਰ) ਨੂੰ ਪਵਿਤ੍ਰ ਰਖਣਾ ਹਰ ਮਨੁਖ ਮਾਤਰ ਦਾ ਪਰਮ ਧਰਮ ਬਣਦਾ ਹੈ। ਸਰੀਰ ਰੂਪੀ ਇਸ ਮੰਦਰ ਦੇ ਹਰ ਅੰਗ ਦੀ ਸੰਭਾਲ ਤੇ ਨਿਗਰਾਨੀ ਰਖਣੀ ਜ਼ਰੂਰੀ ਹੈ, ਕਿਉਂਕਿ ਪਰਮਾਰਥ ਦੇ ਰਾਹ ਵਿਚ ਇਹੋ "ਮੰਦਰ" ਹੀ ਸਭ ਤੋਂ ਵਡਾ ਸਹਾਇਕ ਹੈ। ਇਸ ਮੰਦਰ ਦੀ ਸੰਭਾਲ ਵਲੋਂ ਲਾਪਰਵਾਹੀ ਪਾਪ ਹੈ। ਇਸ ਦੇ ਹੋਰ ਸਭ ਅੰਗਾਂ ਤੋਂ ਵਧ 'ਮਨ' ਦੀ ਸੰਭਾਲ ਜ਼ਰੂਰੀ ਹੈ। ਮਨ ਦੇ ਤਿੰਨ ਅੰਗ ਹੁੰਦੇ ਹਨ—ਦਿਮਾਗ, ਭਾਵਨਾ ਤੇਇਛਾ। ਇਹੋ ਤਿੰਨੇ ਅੰਗ ਹੀ ਮਨੁਖ ਨੂੰ ਚਲਾਂਦੇ ਹਨ। ਇਹਨਾਂ ਤਿੰਨਾਂ ਅੰਗਾਂ ਦੇ ਪਵਿਤ੍ਰ ਅਤੇ ਨਰੋਏ ਰਹਿਣ ਨਾਲ ਮਨੁਖ ਦੀ ਜੀਵਨ-ਚਾਲ ਆਪਣੀ ਠੀਕ ਸੇਧ ਤੇ ਰਹਿੰਦੀ ਹੈ। ਇਹ ਤਿੰਨੇ ਤਾਂ ਹੀ ਪਵਿਤ੍ਰ ਤੇ ਨਰੋਏ ਰਹਿ ਸਕਦੇ ਹਨ ਜੇ ਮਨ ਪਵਿਤ੍ਰ ਤੇ ਨਰੋਆ ਰਹੇ। ਅਤੇ ਮਨ ਦੀ ਪਵਿਤ੍ਰਤਾ ਤੇ ਨਰੋਏ-ਪਨ ਲਈ ਪਵਿਤ੍ਰ ਖ਼ੁਰਾਕ ਹੀ ਪਹਿਲੀ ਲੋੜੀਂਦੀ ਵਸਤੂ ਹੈ।

ਸਤਿਗੁਰੂ ਨਾਨਕ ਪਾਤਿਸ਼ਾਹ ਦਾ ਫੁਰਮਾਨ ਹੈ ਕਿ—

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਸਕਤਾ ਸੀਹੁ, ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ [ਆਸਾ ਮਹਲਾ ੧, ੩੬੦

ਜੇ ਕਰ ਕੋਈ ਤਾਕਤਵਰ ਕਿਸੇ ਦੂਜੇ ਸ਼ਕਤੀਸ਼ਾਲੀ ਨਾਲ ਲੜੇ ਅਥਵਾ ਉਸ ਨੂੰ ਮਾਰੇ ਤਾਂ ਕੋਈ ਗਿਲਾ ਨਹੀਂ, ਪਰ ਦੁਖ ਦੀ ਗੱਲ ਤਾਂ ਇਹ ਹੈ ਕਿ ਆਪਣੇ ਆਪ ਨੂੰ ਸਿੰਘ ਅਖਵਾਣ ਵਾਲੇ ਬੇਜ਼ੁਬਾਨ ਤੇ ਨਿਤਾਣੇ ਬਕਰਿਆਂ ਤੇ ਕੁਕੜਾਂ ਨੂੰ ਨੂੜ ਕੇ, ਉਨ੍ਹਾਂ ਦੀਆਂ ਲੱਤਾਂ, ਖੰਭ ਬੰਨ੍ਹ ਕੇ, ਉਹਨਾਂ ਨੂੰ ਕੁਹੰਦੇ ਹਨ। ਉਸ ਸੂਰਤ ਵਿਚ ਉਹਨਾਂ ਨਿਤਾਣਿਆਂ ਦੀ ਜ਼ਿਮੇਵਾਰੀ ਅਥਵਾ ਉਹਨਾਂ ਦਾ ਖਸਮਾਨਾ, ਖਸਮ ਨੂੰ, ਮਾਲਕ ਨੂੰ ਅਥਵਾ ਵਾਹਿਗੁਰੂ ਨੂੰ ਹੈ। ਇਸ ਦਾ ਲੇਖਾ ਓਹ ਆਪ ਹੀ ਲਵੇਗਾ।


**ਖ਼ੁਸ਼ਖ਼ਬਰੀ** ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਵਿਚੋਂ ਦਿਲਖਿਚਵੀਆਂ ਘਟਨਾਵਾਂ ਦੇ ਪਹਿਲੇ ਦੋ ਟ੍ਰੈਕਟ ਛਪ ਗਏ ਹਨ—

**੧. ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ**

**੨. ਗੁਰਬਾਣੀ ਦੀ ਪਾਰਸ-ਕਲਾ**

ਪਰਚਾਰ ਖ਼ਾਤਰ ਭੇਟਾ ਕੇਵਲ ਪੈਂਤੀ ਪੈਸੇ ਫ਼ੀ ਕਾਪੀ ਰੱਖੀ ਗਈ ਹੈ। ਭਾਈ ਸਾਹਿਬ ਲਿਖਤ ਟ੍ਰੈਕਟ **"ਸਿੰਘਾਂ ਦਾ ਪੰਥ ਨਿਰਾਲਾ"** ਛੇਤੀ ਛਪ ਰਿਹਾ ਹੈ। ਹੋਰ ਸਾਰੇ ਟ੍ਰੈਕਟ ਵੀ ਛੇਤੀ ਛਪਾਉਣ ਦਾ ਪਰਬੰਧ ਹੋ ਰਿਹਾ ਹੈ। ਮੰਗਾਣ ਦਾ ਪਤਾ :

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ


## 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਸ: ਸੁਰਜੀਤ ਸਿੰਘ ਜੀ ਹੈਤਜ਼ ਵਰਥ (ਇੰਗਲੈਂਡ) | ੧੨੪—੮੦ |
| ਸ: ਵੀਰਪਾਲ ਸਿੰਘ ਜੀ ਰਾਨੀਪੁਰ ਵਲੋਂ ਪਿਤਾ ਜੀ ਦੇ ਨਮਿਤ ਭੋਗ ਸਮੇਂ | ੧੧—੦੦ |
| ਸ: ਕੇਵਲਦੀਪ ਸਿੰਘ ਜੀ ਸਪੁਤਰ ਸ: ਉਜਾਗਰ ਸਿੰਘ ਜੀ ਜਲੰਧਰ | ੨੦—੦੦ |
| ਸ੍ਰੀਮਤੀ ਐਮ. ਸਿੰਘ ਜੀ ਹੌੜਾ ਵਲੋਂ ਦੋਹਤੀ ਦੇ ਸਕੂਲ ਜਾਣ ਦੀ ਖ਼ੁਸ਼ੀ ਵਿਚ | ੫—੦੦ |
| ਸ: ਹਰਮਿੰਦਰ ਸਿੰਘ ਜੀ ਹੁਸ਼ਿਆਰਪੁਰ ਵਲੋਂ ਭੁਜੰਗੀ ਦੇ ਚੜ੍ਹਾਈ ਕਰਨ ਨਮਿਤ | ੫—੦੦ |
| ਸਕੱਤਰ, ਗੁਰਦਵਾਰਾ ਸਿੰਘ ਸਭਾ, ਰਾਵਤ ਭਾਟਾ | ੨—੦੦ |
| ਸ: ਤੀਰਥ ਸਿੰਘ ਜੀ ਪਟਿਆਲਾ | ੨—੦੦ |

ਸਤਿਗੁਰੂ ਪਿਤਾ ਜੀ ਨਾਮ ਦਾਨ, ਸਿੱਖੀ ਸਿਦਕ ਤੇ ਖ਼ੁਸ਼ੀਆਂ ਬਖ਼ਸ਼ਣ।


**ਗ੍ਰੰਥੀ ਸਿੰਘ ਦੀ ਲੋੜ**—ਗੁਰਦੁਆਰਾ ਸਿੰਘ ਸਭਾ ਰਾਵਤ ਭਾਟਾ (ਕੋਟਾ) ਲਈ ਇਕ ਗੁਰਮੁਖ ਗ੍ਰੰਥੀ ਦੀ ਲੋੜ ਹੈ। ਹੇਠ ਲਿਖੇ ਪਤੇ ਤੇ ਲਿਖਾ ਪੜ੍ਹੀ ਕਰੋ—

ਸਕੱਤਰ, ਗੁ: ਸਿੰਘ ਸਭਾ, *Phase II* ਕਾਲੋਨੀ, *P.O.* ਰਾਵਤ ਭਾਟਾ *Via* ਕੋਟਾ (ਰਾਜਿਸਥਾਨ)


www.AKJ.Org

## ਰੀਡਿੰਗ-ਬਰਕ(ਇੰਗਲੈਂਡ)ਵਿਚ ਅੰਮ੍ਰਿਤ-ਸਿੰਚਾਰ, ਰੈਣ-ਸਬਾਈ ਕੀਰਤਨ

ਸ: ਗੁਰਨਾਮ ਸਿੰਘ ਜੀ, ਅਖੰਡ ਕੀਰਤਨੀ ਜੱਥਾ ਯੂ. ਕੇ, ਇਤਲਾਹ ਦਿੰਦੇ ਹਨ ਕਿ ਗੁਰਦਵਾਰਾ ਸਾਹਿਬ, *30, Cumber Land Road, Reading Berk* ਵਿਖੇ 27.3.76 ਸ਼ਨੀਵਾਰ ਦੀ ਰਾਤ ਨੂੰ ਕੀਰਤਨ ਰੈਣ-ਸਬਾਈ ਅਤੇ ਅੰਮ੍ਰਿਤ-ਸਿੰਚਾਰ ਸਮਾਗਮ ਹੋ ਰਹੇ ਹਨ। ਆਲੇ ਦੁਆਲੇ ਦੀਆਂ ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

---

## ਭੱਕੂ ਮਾਜਰਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗ਼ਮ

ਪਿੰਡ ਭੱਕੂ ਮਾਜਰਾ ਵਿਖੇ ੨੦ ਮਾਰਚ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਅਠ ਵਜੇ ਰੈਣ ਸਬਾਈ ਕੀਰਤਨ ਅਰੰਭ ਹੋਣਗੇ। ਸਮਾਪਤੀ ਐਤਵਾਰ ਸਵੇਰੇ ਹੋਵੇਗੀ। ਸਮੂਹ ਸੰਗਤਾਂ ਲਾਹੇ ਲੈਣ ਤੇ ਜਨਮ ਸਫਲਾ ਕਰਨ। ਪਿੰਡ ਭੱਕੂ ਮਾਜਰਾ ਰੋਪੜ ਤੋਂ ਸਤ ਮੀਲ ਤੇ ਚਮਕੌਰ ਸਾਹਿਬ ਤੋਂ ਤਿੰਨ ਮੀਲ ਹੈ। ਰੋਪੜ, ਲੁਧਿਆਣਾ ਤੇ ਸਮਰਾਲਾ ਤੋਂ ਆਮ ਬਸਾਂ ਮਿਲਦੀਆਂ ਹਨ।

ਦਾਸ–ਪਿਆਰਾ ਸਿੰਘ ਸੂਬੇਦਾਰ, ਭੱਕੂ ਮਾਜਰਾ (ਨੇੜੇ ਚਮਕੌਰ ਸਾਹਿਬ) ਜ਼ਿਲਾ ਰੋਪੜ

---

## ਪਿੰਡ ਸ਼ੇਰਪੁਰ ਵਿਖੇ ਸ੍ਰੀ ਅਖੰਡਪਾਠ ਤੇ ਰੈਣ-ਸਬਾਈ ਕੀਰਤਨ

ਬਾਬਾ ਤਾਰਾ ਸਿੰਘ ਜੀ ਦੇ ਗ੍ਰਿਹਿ ਵਿਖੇ ਮਿਤੀ ੨੭ ਮਾਰਚ ੧੯੭੬ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ-ਸਬਾਈ ਕੀਰਤਨ ਹੋਣੇ ਹਨ। ਇਲਾਕੇ ਦੀਆਂ ਸਮੂੰਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ। ਪਿੰਡ ਸ਼ੇਰਪੁਰ ਮੁਕੇਰੀਆਂ ਤੋਂ ਢਾਈ ਮੀਲ, ਜਲੰਧਰ ਵਾਲੀ ਸੜਕ ਤੇ, ਬਸ-ਅੱਡਾ ਐਮਾਂ ਤੋਂ ਡੇਢ ਮੀਲ ਹਟਵਾਂ ਹੈ।

---

**ਧੋਖੇ ਤੋਂ ਬਚੋ—** ਸਿਖ ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਿਲੀ ਵਿਖੇ ਇਕ ਗੁਰਮੁਖੀ ਬਾਣੇ ਵਿਚ ਵਿਚਰਦਾ ਹਰਵਿੰਦਰ ਸਿੰਘ ਕਈ ਸਜਣਾਂ ਨੂੰ ਠਗ ਰਿਹਾ ਹੈ। ਇਹ 'ਸੂਰਾ' ਮਾਸਕ ਪੱਤਰ ਦੀ ਜਾਹਲੀ ਮੋਹਰ ਬਣਵਾ ਕੇ ਕਈਆਂ ਪਾਸੋਂ ਚੰਦੇ ਅਤੇ ਹੋਰ ਰਕਮਾਂ ਵਿਸ਼ਵਾਸ ਦੇ ਕੇ ਵਟੋਰ ਰਿਹਾ ਹੈ। ਇਹ ਗੁਰਦਵਾਰਾ ਬੰਗਲਾ ਸਾਹਿਬ ਦੇ ਬਾਹਰ ਭੀ ਖ਼ਾਸ ਦਿਨਾਂ ਤੇ ਸਿਖ ਕਕਾਰਾਂ ਅਤੇ ਗੁਰਬਾਣੀ ਦੇ ਗੁਟਕੇ ਪੋਥੀਆਂ ਆਦਿ ਦੀ ਦੁਕਾਨ ਲਾਉਂਦਾ ਹੈ। ਇਸ ਦੀ ਰਿਹਾਇਸ਼ ਵੀਰਿੰਦਰ ਨਗਰ ਵਿਚ ਹੈ। ਕੋਈ ਸਜਣ ਵੀ ਇਸ ਨੂੰ 'ਸੂਰਾ' ਮਾਸਕ ਪੱਤਰ ਦੇ ਨਾਂ ਹੇਠ ਕਿਸੇ ਕਿਸਮ ਦੀ ਕੋਈ ਰਕਮ ਨਾ ਦੇਵੇ।

---

**ਪਿੰਡ ਮੱਨਣ** (ਜਲੰਧਰ) ਦੇ ਦੁਆਲੇ ੪੦ ਪਿੰਡਾਂ ਵਿਖੇ ਖ਼ਾਲਸਾ ਜੀ ਦੇ ਪ੍ਰਕਾਸ਼ ਸਮੇਂ ੨੯ ਫ਼ਰਵਰੀ ਤੋਂ ੧੧ ਅਪਰੈਲ ਤਕ ਅਖੰਡ ਪਾਠਾਂ, ਕੀਰਤਨ ਸਮਾਗਮਾਂ ਤੇ ਅੰਮ੍ਰਿਤ-ਸਿੰਚਾਰ ਦੇ ਅਦੁੱਤੀ ਪ੍ਰੋਗਰਾਮ।

---

**ਕਰਨਲ ਦਲਜੀਤ ਸਿੰਘ ਜੀ** ਮਾਡਲ ਟਾਊਨ ਜਲੰਧਰ ਤੋਂ ਮਕਾਨ ਬਦਲ ਕੇ, ਉਥੋਂ ਲਾਗੇ ਹੀ ਪਿੰਡ ਮਿਠਾਪੁਰ ਚਲੇ ਗਏ ਹਨ। ਚਿੱਠੀ ਪਤਰ ਲਈ—ਕਰਨਲ ਦਲਜੀਤ ਸਿੰਘ ਜੀ, ਮਿਠਾਪੁਰ (ਜਲੰਧਰ)



www.AKJ.Org

# ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ 'ਸੂਰਾ' ਮਾਸਕ ਪੱਤਰ ਦੇ ਹੇਠ ਲਿਖੇ ਨਵੇਂ ਅਮਾਨਤੀ ਲਾਈਫ਼ ਮੈਂਬਰ ਬਣੇ ਹਨ। ਇਨ੍ਹਾਂ ਦੇ ਸੌ ਸੌ ਰੁਪਏ ਪੰਜਾਬ ਸਿੰਧ ਬੈਂਕ, ਹਾਲ ਬਾਜ਼ਾਰ, ਅੰਮ੍ਰਿਤਸਰ ਵਿਖੇ ਜਮ੍ਹਾ ਕਰਵਾ ਕੇ, ਹੇਠ ਲਿਖੇ ਨੰਬਰਾਂ ਦੀਆਂ ਐਫ. ਡੀਆਂ ਬਣਵਾ ਦਿਤੀਆਂ ਗਈਆਂ ਹਨ :—

| | | | |
|---|---|---|---|
| 74. ਸ: ਦਲਜੀਤ ਸਿੰਘ ਜੀ | (ਚਿਟ ਨੰਬਰ 514) | 289786-369-76 | ਮਿਤੀ 23 2.76 |
| 75. ਸ: ਤੀਰਥ ਸਿੰਘ ਜੀ ਸੇਠੀ | ( ,, ,, 1004) | 289787-370-76 | ,, |
| 76. *M/S* ਨਿਰੰਜਨ ਸਿੰਘ ਪ੍ਰੇਮ ਸਿੰਘ | ( ,, ,, 215) | 289788-371-76 | ,, |
| 77. ਸ: ਸੋਹਨ ਸਿੰਘ ਜੀ ਰੈਨਾ | ( ,, ,, 645) | 289789-372-76 | ,, |
| 78. ਕੈਪਟਨ ਅਮਰ ਸਿੰਘ ਜੀ | ( ,, ,, 582) | 289790-373-76 | ,, |
| 79. ਸ: ਗੁਰਬਚਨ ਸਿੰਘ ਜੀ | ( ,, ,, 903) | 289791-374-76 | ,, |
| 80. ਇਸਤ੍ਰੀ ਸਤਸੰਗ ਮੋਤੀ ਨਗਰ | ( ,, ,, 1828) | 289795-378-76 | ਮਿਤੀ 24.2.76 |

ਇਹ ਰਕਮਾਂ ਗਾਹਕਾਂ ਦੀਆਂ ਅਮਾਨਤਾਂ ਹਨ। 'ਸੂਰਾ' ਪਤਰ ਨੇ ਤਾਂ ਕੇਵਲ ਚੰਦੇ ਵਜੋਂ ਸੂਦ ਲੈਣਾ ਹੈ।

| | | | |
|---|---|---|---|
| ਅਮਾਨਤੀ ਲਾਈਫ਼ ਮੈਂਬਰ ਦੇਸ ਲਈ | 100/- | ਪਰਦੇਸ ਸਭ ਥਾਈਂ ਸਮੁੰਦਰੀ ਡਾਕ | 250/- |
| ਹਵਾਈ ਡਾਕ—ਯੂ. ਕੇ. ਅਫ਼ਰੀਆ ਆਦਿ | 650/- | ਮਲਾਇਆ ਸਿੰਘਾਪੁਰ ਤੇ ਅਰਬ ਆਦਿ | 500/- |

---

## ਜਗਪਾਲ ਪੁਰ (ਫਗਵਾੜਾ) ਵਿਖੇ ਅਖੰਡ ਕੀਰਤਨ ਤੇ ਅੰਮ੍ਰਿਤ-ਸਿੰਚਾਰ

ਅਖੰਡ ਕੀਰਤਨੀ ਜੱਥਾ ਫਗਵਾੜਾ ਇਤਲਾਹ ਦਿੰਦੇ ਹਨ ਕਿ ਤਿੰਨ ਅਪ੍ਰੈਲ ਸ਼ਨੀਵਾਰ ਨੂੰ ਪਿੰਡ ਜਗਪਾਲ ਪੁਰ ਵਿਖੇ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈ ਕੇ ਦੁਪਹਿਰ ਤਕ ਕੀਰਤਨ ਹੋਣਗੇ, ਸ਼ਾਮ ਨੂੰ ਪੰਜ ਵਜੇ ਅੰਮ੍ਰਿਤ-ਸਿੰਚਾਰ ਅਤੇ ਰਾਤ ਨੂੰ ਸਤ ਵਜੇ ਰੈਣ-ਸਬਾਈ ਕੀਰਤਨ ਅਰੰਭ ਹੋਣਗੇ। ਸਮਾਪਤੀ ਐਤਵਾਰ ਸਵੇਰੇ ਹੋਵੇਗੀ। ਭਾਈ ਸਾਹਿਬ ਮਹਿੰਦਰ ਸਿੰਘ ਜੀ *S.D.O.* ਤੇ ਹੋਰ ਕੀਰਤਨੀਏ ਵੀਰ ਭੈਣਾਂ ਕੀਰਤਨ ਵਿਚ ਹਿਸਾ ਪਾਉਣਗੇ। ਸਮੂਹ ਸੰਗਤਾਂ ਦਰਸ਼ਨ ਦੀਦਾਰੇ ਕਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਨੋਟ :—੧. ਪਿੰਡ ਜਗਪਾਲ ਪੁਰ, ਫਗਵਾੜੇ ਤੋਂ ਚਾਰ ਮੀਲਾਂ ਤੇ, ਫਗਵਾੜਾ-ਪਲਾਹੀ ਸਾਹਿਬ ਰੋਡ ਤੇ ਹੈ।

੨. ਪਹਿਲੀ ਫ਼ਰੀ ਬਸ ਚੋਕ ਭਗਤ ਸਿੰਘ ਜਲੰਧਰ ਤੋਂ ਸ਼ਾਮ ੬॥ ਵਜੇ ਚਲ ਕੇ, ਛਾਉਣੀ, ਰਾਮਾ ਮੰਡੀ, ਫਗਵਾੜੇ ਤੋਂ ਹੁੰਦੀ ਅਤੇ ਦੂਜੀ ਬਸ ਫਗਵਾੜੇ ਤੋਂ ੮ ਵਜੇ ਚਲ ਕੇ ਜਗਪਲ ਪੁਰ ਪੁਜੇਗੀ।

---

## ਮੋਗੇ ਵਿਖੇ ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ

ਖਾਲਸਾ ਗਰਲਜ਼ ਹਾਈ ਸਕੂਲ ਮੋਗਾ ਵਿਖੇ ੬ ਮਾਰਚ ਸ਼ਨੀਵਾਰ ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਅਤੇ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਹੋਰ ਕੀਰਤਨੀਆਂ ਤੋਂ ਇਲਾਵਾ ਭਾਈ ਸਾਹਿਬ ਮਹਿੰਦਰ ਸਿੰਘ ਜੀ *S.D.O.* ਵੀ ਹਾਜ਼ਰੀਆਂ ਭਰ ਰਹੇ ਹਨ। ਸਮੂਹ ਸੰਗਤਾਂ ਪੁਜ ਕੇ ਲਾਭ ਪ੍ਰਾਪਤ ਕਰਨ।

ਦਾਸਰੇ-ਅਖੰਡ ਕੀਰਤਨੀ ਜੱਥਾ, ਮੋਗਾ

www.AKJ.Org

## ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ੧੫ਵੀਂ ਸਾਲਾਨਾ ਯਾਦ

ਕਲਗੀਧਰ ਪਿਤਾ ਜੀ ਦੇ ਅਨਿੰਨ ਸੇਵਕ ਅਤੇ ਪੰਥ ਪਰਸਿਧ ਹਸਤੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ੧੫ਵੀਂ ਸਾਲਾਨਾ ਯਾਦ ਵਿਚ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ੧੬ ਤੋਂ ੧੮ ਅਪ੍ਰੈਲ ਤਕ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ-ਸਮਾਗਮ ਹੋ ਰਹੇ ਹਨ। ਵੇਰਵੇ ਸਹਿਤ ਪੂਰਾ ਪ੍ਰੋਗਰਾਮ ਆਉਂਦੇ ਪਰਚੇ ਵਿਚ ਦਿੱਤਾ ਜਾਵੇਗਾ।

# ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ

ਸਮੁੱਚੇ ਪੰਜਾਬ ਅਤੇ ਦਿੱਲੀ ਦੇ ਅਖੰਡ ਕੀਰਤਨੀ ਜੱਥਿਆਂ ਵਲੋਂ ੧੪ ਤੋਂ ੧੬ ਮਾਰਚ ੧੯੭੬ ਤਕ ਹੋਲੇ ਮਹੱਲੇ ਦਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਮਨਾਇਆ ਜਾ ਰਿਹਾ ਹੈ। ਗੁਰੂ ਪਾਤਿਸ਼ਾਹ ਦੇ ਗੁਰਧਾਮਾਂ ਤੇ ਸ਼ਸਤਰਾਂ ਬਸਤਰਾਂ ਆਦਿ ਦੇ ਦਰਸ਼ਨ ਪਰਸਦੇ ਹੋਏ ਅਖੰਡ ਕੀਰਤਨ ਦੇ ਲਾਹੇ ਪ੍ਰਾਪਤ ਕਰੋ ਜੀ।

ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ :—

| | | | | |
|---|---|---|---|---|
| 14.3.76 (ਐਤਵਾਰ) | ਸਵੇਰੇ | 4-00 ਤੋਂ 11-00 | ਨਿਤਨੇਮ ਉਪਰੰਤ ਅਖੰਡ ਕੀਰਤਨ | ਖਾਲਸਾ ਕਾਲਜ |
| | ਦੁਪਹਿਰ | 2-00 ਵਜੇ — | ਅਰੰਭ ਨਗਰ ਕੀਰਤਨ | ,, |
| | ਸ਼ਾਮ | 6-0 ਤੋਂ 9-00 | ਸੋਦਰ ਦੀ ਚੌਕੀ | ਤਖਤ ਸ੍ਰੀ ਕੇਸਗੜ੍ਹ ਸਾਹਿਬ |
| 15.3.76 (ਸੋਮਵਾਰ) | ਸਵੇਰੇ | 4-00 ਤੋਂ 1-00 | ਨਿਤਨੇਮ, ਭੋਗ ਸ੍ਰੀ ਅਖੰਡਪਾਠ ਤੇ ਕੀਰਤਨ | ਖਾਲਸਾ ਕਾਲਜ |
| | ਦੁਪਹਿਰ | 3-00 ਵਜੇ — | ਅੰਮ੍ਰਿਤ–ਸਿੰਚਾਰ | ,, |
| | ਸ਼ਾਮ | 7-00 ਵਜੇ — | ਅਰੰਭ ਰੈਣ-ਸਬਾਈ ਕੀਰਤਨ | ,, |
| 16.3.76 (ਮੰਗਲਵਾਰ) | ਸਵੇਰੇ | 4-00 ਵਜੇ — | ਸਮਾਪਤੀ ਰੈਣ ਸਬਾਈ | ,, |
| | ਸਵੇਰੇ | 4-30 ਤੋਂ 7-00 | ਕੀਰਤਨ ਆਸਾ ਦੀ ਵਾਰ | ਤਖਤ ਸ੍ਰੀ ਕੇਸਗੜ੍ਹ ਸਾਹਿਬ |

ਨੋਟ—੧. ਆਪਣਾ ਬਿਸਤਰਾ, ਵਿਛਾਈ ਤੇ ਗੜਵੀ ਜਾਂ ਗਲਾਸ ਲੈ ਕੇ ਆਓ ਜੀ। ੨. ਵਿਤ ਅਨੁਸਾਰ ਗੁਰੂ ਕੇ ਲੰਗਰ ਲਈ ਰਸਦਾਂ ਭੇਜੋ ਜੀ। ੩. ਕਾਲਜ ਵਿਚ ਰਿਹਾਇਸ਼ ਕੇਵਲ ਜੱਥੇ ਦੀ ਸੰਗਤ ਦੀ ਹੋਵੇਗੀ। ੪. ਖਾਲਸਾ ਕਾਲਜ ਰੋਪੜ–ਅਨੰਦਪੁਰ ਰੋਡ ਤੇ ਹੈ।

ਪੁਛ ਗਿਛ ਲਈ—ਹਰਿਚਰਨ ਸਿੰਘ, 226, ਸੈਕਟਰ 21-ਏ, ਚੰਡੀਗੜ੍ਹ (ਟੈਲੀਫੋਨ 28938)

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਸਚ ਨਿਰਣੇ | ੬–੦੦ | ਗੁਰਮਤਿ ਬਿਬੇਕ | ੭–੫੦ |
| ਅੰਮ੍ਰਿਤ ਕੀ ਹੈ | ੨–੦੦ | ਗੁਰਮਤਿ ਰਮਜ਼ਾਂ | ੬–੦੦ |
| ਰੰਗਲੇ ਸਜਣ | ੩–੫੦ | ਅਨਹਦ ਸ਼ਬਦ ਦਸਮ ਦੁਆਰ | ੩–੫੦ |
| ਦਰਸ਼ਨ ਝਲਕਾਂ | ੨–੫੦ | ਗੁਰਮਤਿ ਗੌਰਵਤਾ | ੭–੦੦ |
| ਗੁਰਮਤਿ ਨਾਮ ਅਭਿਆਸ ਕਮਾਈ | — — | ਝਟਕਾ ਮਾਸ ਪ੍ਰਥਾਇ ਤਤ ਨਿਰਣੇ | ੩–੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | | | —— |

ਹੋਰ ਪੁਸਤਕਾਂ ਭਾਈ ਸਾਹਿਬ ਲਿਖਤ ਜਿਉਂ ਜਿਉਂ ਛਪਣਗੀਆਂ, ਪਾਠਕਾਂ ਨੂੰ ਇਤਲਾਹ ਦਿੰਦੇ ਜਾਵਾਂਗੇ।

ਪੁਸਤਕਾਂ ਮੰਗਾਉਣ ਦਾ ਪਤਾ—

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126-ਮਾਡਲ ਟਾਊਨ, ਲੁਧਿਆਣਾ**
**(ਜਾਂ) 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ**

www.AKJ.Org